ਮਾਸਕ ਪੱਤ੍ਰ

# ਸੂਰਾ

ਅੰਮ੍ਰਿਤਸਰ AMRITSAR

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥

## ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

(ਭਾ: ਗੁਰਦਾਸ)

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

JAN 1934

ਜਨਵਰੀ ੧੯੩੪

www.AKJ.Org

# ਤਤਕਰਾ


| | | |
|---|---|---|
| ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ | ੩ | ਭਾਈ ਗੁਰਦਾਸ ਸਿੰਘ ਜੀ |
| ਸ੍ਰੀ ਗੁਰੂ ਦਸਮੇਸ਼ ਜੀ ਦੀ ਗੁਰਮਤਿ ਸਿੱਖਿਆ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕਲਗੀਧਰ ਪਾਤਸ਼ਾਹ ਦੇ ਸਾਜੇ ਨਿਵਾਜੇ ਪੰਜ ਪਿਆਰੇ | ੬ | ਭਾਈ ਰਾਮ ਸਿੰਘ ਜੀ |
| ਜੀਵਨ-ਝਲਕੀਆਂ ਡਾ: ਸੁਰਿੰਦਰ ਸਿੰਘ ਜੀ (੪) | ੧੨ | — — |
| ਭਾਈ ਫੇਰੂ ਜੀ ਸੱਚੀ ਦਾੜ੍ਹੀ | ੧੫ | ਕਾਕਾ ਓਅੰਕਾਰ ਬਖਸ਼ ਸਿੰਘ ਜੀ |
| ਦਸਮੇਸ਼ ਜੀ ਦੇ ਲਾਲ (ਕਵਿਤਾ) | ੧੬ | ਸ: ਭਾਨ ਸਿੰਘ ਜੀ |
| ਧੰਨ ਤੇਰੀ ਗੁਰਸਿਖੀ, ਖੰਨਿਓਂ ਤਿਖੀ ( ,, ) | ੧੬ | ਭਾਈ ਹਰਮਿੰਦਰ ਸਿੰਘ ਜੀ |
| ਖਾਲਸਾ ਕੌਮ ! ਤੂੰ ਉਹ ਪਹਿਲੀ ਸ਼ਾਨ ਪੈਦਾ ਕਰ ( ,, ) | ੧੬ | ਸ: ਜੈਮਲ ਸਿੰਘ ਜੀ |
| ਸ਼ਹੀਦ ਭਾਈ ਬੋਤਾ ਸਿੰਘ ਗਰਜਾ ਸਿੰਘ ( ,, ) | ੧੭ | ਗਿ: ਗੋਪਾਲ ਸਿੰਘ ਜੀ ਮਿੱਤਰ |
| ਰਣ-ਭੂਮੀ ਚਮਕੌਰ ਦੀਆਂ ਦੋ ਗੱਲਾਂ ( ,, ) | ੧੮ | ਗਿ: ਹਜ਼ਾਰਾ ਸਿੰਘ ਜੀ |
| ਗੁਰਸਿਖ ਮੀਤ ਚਲੋ ਗੁਰ ਚਾਲੀ | ੧੯ | ਸ: ਚੰਚਲ ਸਿੰਘ ਜੀ ਹਮਦਰਦ |
| ਸਿਖ ਰਾਜਨੀਤੀ ਵਿਚ ਮੇਰਾ ਰੋਲ | ੨੨ | ਸ: ਖੁਸ਼ਵੰਤ ਸਿੰਘ ਜੀ |
| ਬੱਬਰ ਖਾਲਸਾ ਦੀ ਸਮਾਜ-ਵਿਰੋਧੀ ਅਨਸਰਾਂ ਵਿਰੁਧ ਮੁਹਿੰਮ | ੨੪ | ਸ: ਸਾਧੂ ਸਿੰਘ ਜੀ ਹਮਦਰਦ |


**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ ੧੦ ਜਨਵਰੀ**

## ਸੂਰਾ ਮਾਸਕ ਪੱਤਰ ਨੂੰ ਨਵੰਬਰ ਤੇ ਦਸੰਬਰ ਵਿਚ ਪੁਜੀ ਸਹਾਇਤਾ

| | | |
|---|---|---|
| ਸ: ਸਵਰਨ ਸਿੰਘ ਕਲਸੀ ਜਬਲਪੁਰ | ਲੜਕੀ ਦੇ ਜਨਮ ਦਿਨ ਦੀ ਖੁਸ਼ੀ ਵਿਚ | ੫-੦੦ |
| ਭਾ: ਤ੍ਰਿਲੋਕ ਸਿੰਘ ਜਲੰਧਰ | ਸਿੰਘਣੀ ਚਿਤਵੰਤ ਕੌਰ ਦੇ ਅੰਤਮ ਭੋਗ ਸਮੇਂ | ੧੦੧-੦੦ |
| ਸ: ਬੀਰ ਸਿੰਘ ਅਲੀਪੁਰ ਜਹਾਂਗੀਰ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ ਚੜ੍ਹਾਵਾ ਆਦਿ | ੫੬-੦੦ |
| ਸ: ਸੁਰਜੀਤ ਸਿੰਘ ਨਵੀਂ ਦਿਲੀ | ਭੁਜੰਗੀ ਦੇ ਜਨਮ ਦਾ ਖੁਸ਼ੀ ਵਿਚ | ੫੦-੦੦ |
| J.W.O. ਟੀ. ਐਸ. ਬਾਂਸਲ ਚੰਡੀਗੜ੍ਹ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | ੧੧-੦੦ |
| ਬੀਬੀ ਦਲੀਪ ਕੌਰ ਓਦਪੁਰ | ਸੂਰਾ ਦੀ ਚੜ੍ਹਦੀ ਕਲਾ ਲਈ | ੨੮-੦੦ |
| ਸ: ਗੁਰਬਖਸ਼ ਸਿੰਘ ਸਿਵੀਆ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੩੦-੦੦ |
| ਸ: ਬਲਵੰਤ ਸਿੰਘ ਸੱਗੂ ਗਲਾਸਗੋ | ,, ,, ,, | ੨੧-੦੦ |
| ਸ: ਭਗਤ ਸਿੰਘ ਨੰਦਾ ਸਹਾਰਨਪੁਰ | ,, ,, ,, | ੨੧-੦੦ |
| ਸ: ਤਲਵਿੰਦਰ ਸਿੰਘ ਜਲੰਧਰ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | ੧੦-੦੦ |
| ਸ: ਕੇਵਲਦੀਪ ਸਿੰਘ ਜਲੰਧਰ | ਸੂਰਾ ਦੀ ਚੜ੍ਹਦੀ ਕਲਾ ਲਈ | ੧੧-੦੦ |
| ਪ੍ਰੀਵਾਰ ਭਾ: ਪੂਰਨ ਸਿੰਘ ਬੱਲ | ਭਾ: ਪੂਰਨ ਸਿੰਘ ਜੀ ਦੀ ਬਰਸੀ ਸਮੇ | ੩੧-੦੦ |
| ਸ: ਕਰਮਜੀਤ ਸਿੰਘ ਬੱਲੋਕੇ | ਭਾ: ਗੁਰਸੰਤ ਪ੍ਰਕਾਸ਼ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | ੩੧-੦੦ |
| ਬੀਬੀ ਗਿਆਨ ਕੌਰ ਤੇ ਪ੍ਰੀਵਾਰ ਨਵੀਂ ਦਿੱਲੀ | ਪਤੀ ਸ:ਜਾਗੀਰਸਿੰਘ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ | ੧੦੦-੦੦ |
| ਸ: ਅਮਰ ਸਿੰਘ ਲੁਧਿਆਣਾ | ਪੋਤਰੇ ਦੇ ਜਨਮ ਦੀ ਖੁਸ਼ੀ ਵਿਚ | ੧੧-੦੦ |
| ਸ: ਕੁਲਵੰਤ ਸਿੰਘ ਅੰਮ੍ਰਿਤਸਰ | ਚੜ੍ਹਾਵਾ ਕੀਰਤਨ ਸਮਾਗਮ | ੫੦-੦੦ |
| ਸ: ਹਰਬੰਸ ਸਿੰਘ ਚਾਵਲਾ ਦਿੱਲੀ | ਦੋਹਤਰੀ ਦੇ ਜਨਮ ਦੀ ਖੁਸ਼ੀ ਵਿਚ | ੫੧-੦੦ |
| ਸ: ਸੰਤੋਖ ਸਿੰਘ ਧਾਲੀਵਾਲ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੭੫-੦੦ |
| ਸ: ਸੰਤੋਖ ਸਿੰਘ ਲਾਚੀਨ ਕੈਨੇਡਾ | ,, ,, ,, ,, | ੫੧-੦੦ |
| ਸ: ਬੂਟਾ ਸਿੰਘ ਪਾਥਰਡੀਹ | ਬੀਬੀ ਇੰਦਰ ਕੌਰ ਦੇ ਅੰਤਮ ਭੋਗ ਸਮੇ ਚੜ੍ਹਾਵਾ | ੫੧-੦੦ |
| ਸ: ਸੁਰਿੰਦਰ ਸਿੰਘ ਫਿਰੋਜ਼ਪੁਰ ਛਾਉਣੀ | ਸੂਰਾ ਦੀ ਚੜ੍ਹਦੀ ਕਲਾ ਲਈ | ੧੧-੦੦ |
| ਸ: ਤੀਰਥ ਸਿੰਘ ਸਹਿਗੇ | ,, ,, ,, | ੫-੦੦ |
| ਬੀਬੀ ਦਲੀਪ ਕੌਰ ਓਦਪੁਰ | ,, ,, ,, | ੨੧-੦੦ |
| ਬੀਬੀ ਬਲਬੀਰ ਕੌਰ ਧਨੌਲਾ | ਬੱਚੀਆਂ ਦੇ ਨੌਕਰੀ ਲਗਣ ਦੀ ਖੁਸ਼ੀ ਵਿਚ | ੧੦੫-੦੦ |
| ਭਾ: ਮਨਜੀਤ ਸਿੰਘ ਸਾਊਥਾਲ | ਸੂਰਾ ਦੀ ਚੜ੍ਹਦੀ ਕਲਾ ਲਈ | ੨੮-੦੦ |
| ਬੀਬੀ ਸੰਤ ਕੌਰ ਲੁਧਿਆਣਾ | ਪਤੀ ਭਾਈ ਇਕਬਾਲ ਸਿੰਘ ਜੀ ਦੀ ਸਾਲਾਨਾ ਯਾਦ ਵਿਚ | ੧੦੧-੦੦ |
| ਭਾਈ ਸੂਰਤ ਸਿੰਘ ਪੂਰਨ ਜੀ | ਕੀਰਤਨ ਸਮਾਗਮ ਦੇ ਭੋਗ ਸਮੇਂ ਚੜ੍ਹਾਵਾ ਆਦਿ | ੮੧-੦੦ |
| ਭਾਈ ਅਜੀਤ ਸਿੰਘ ਕੈਰੋਂ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੦-੦੦ |

ਭਾ: ਇੰਦਰਜੀਤ ਸਿੰਘ ਕ੍ਰਿਪਾਨਾਂ ਵਾਲੇ ਵਲੋਂ ਪਿਤਾ ਮਿਸਤ੍ਰੀ ਗੋਪਾਲ ਸਿੰਘ ਦੀ ਚੜ੍ਹਦੀ ਕਲਾ ਲਈ ਸਮਾਗਮ ਦਾ ਚੜ੍ਹਾਵਾ ੬੭-੦੦

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

ਪਰਦੇਸ
ਸਮੁੰਦਰੀ ਡਾਕ ੩੦-੦੦
ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ ੩੦੦-੦੦
ਹਵਾਈ ਡਾਕ
ਯੂ. ਕੇ. ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੫੦-੦੦
ਅਰਬ ਮਲਾਇਆ ੫੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੮ ਜਨਵਰੀ ੧੯੮੪ ਅੰਕ ੧


## ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ

ਮੀਰ ਪੀਰ ਸਭ ਛਪ ਗਏ ਸਭ ਮਜ਼ਹਬ ਉਲਟਾਨਾ ॥
ਮਲਵਾਨੇ ਕਾਜ਼ੀ ਪੜ੍ਹ ਥਕੇ ਕੁਛ ਮਰਮ ਨ ਜਾਨਾ ॥
ਲਖ ਪੰਡਿਤ ਬ੍ਰਹਮਨ ਜੋਤਕੀ ਬਿਖ ਸਿਉ ਉਰਝਾਨਾ ॥
ਫੁਨ ਪਾਥਰ ਦੇਵਲ ਪੂਜ ਕਰ ਅਤਿ ਹੀ ਭਰਮਾਨਾ ॥
ਇਉਂ ਦੋਨੋ ਫਿਰਕੇ ਕਪਟ ਮੋਂ ਰਚ ਰਹੇ ਨਿਦਾਨਾ ॥
ਇਹ ਤੀਸਰ ਮਜ਼ਹਬ ਖਾਲਸਾ ਉਪਜਿਓ ਪਰਧਾਨਾ ॥
ਜਿਨ ਗੁਰੂ ਗੋਬਿੰਦ ਕੇ ਹੁਕਮ ਸੋਂ ਗਹਿ ਖੜਗ ਦਿਖਾਨਾ ॥
ਤਿਹ ਸਭ ਦੁਸ਼ਟਨ ਕਉ ਛੇਦ ਕੈ ਅਕਾਲ ਜਪਾਨਾ ॥...
ਇਉਂ ਤੀਸਰ ਪੰਥ ਚਲਾਇਅਨ ਵਡ ਸੂਰ ਗਹੇਲਾ ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੬॥੪੧॥

ਭਾਈ ਗੁਰਦਾਸ ਸਿੰਘ ਜੀ




www.AKJ.Org

# ਸ੍ਰੀ ਗੁਰੂ ਦਸਮੇਸ਼ ਜੀ ਦੀ ਗੁਰਮਤਿ ਸਿੱਖਿਆ

[ਵਲੋਂ—ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਨੇ ਸਾਰੀ ਵਡਿਆਈ ਗੁਰਸਿੱਖਾਂ ਨੂੰ ਦੇ ਕੇ, ਸੱਚੇ ਗੁਰਮੁਖਾਂ ਪ੍ਰਾਇਣ ਹੋ ਕੇ, ਆਪਣੇ ਆਪ ਨੂੰ ਗੁਰਸਿੱਖਾਂ ਦਾ ਨਿਵਾਜਿਆ ਹੋਇਆ ਦਰਸਾਇਆ। ਗੁਰਸਿੱਖਾਂ ਪ੍ਰਥਾਇ ਗੁਰੂ ਸਾਹਿਬ ਨੇ ਫ਼ੁਰਮਾਇਆ :—

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋ ਸੇ ਗਰੀਬ ਕਰੋਰਿ ਪਰੇ ॥੨॥ (੬੪੫)

ਗਿਆਨ ਪ੍ਰਬੋਧ, ਪਾ: ੧੦

ਭਾਵ :—ਗੁਰਸਿੱਖਾਂ ਦੀ ਕਿਰਪਾ-ਕਟਾਖਸ਼ ਦੇ ਹੀ ਅਸੀਂ ਸਜੇ ਹੋਏ ਹਾਂ, ਨਹੀਂ ਤਾਂ ਮੇਰੇ ਵਰਗੇ ਅਨੇਕਾਂ ਗਰੀਬ ਭਟਕਦੇ ਫਿਰਦੇ ਹਨ। ਜਿਤਨੇ ਭੀ ਯੁਧ (ਧਰਮ ਯੁਧ) ਜਿੱਤੇ ਗਏ ਹਨ, ਸੋ ਸਿੱਖਾਂ ਦੇ ਸਦਕੇ ਹੀ ਜਿੱਤੇ ਗਏ ਹਨ। ਦਾਨ ਪੁੰਨ ਕਰਨ ਦੀ ਸਮਰੱਥਾ ਮੇਰੇ ਵਿਚ ਉੱਕੀ ਹੀ ਨਹੀਂ, ਗੁਰਸਿੱਖਾਂ ਦੀ ਸਖਾਵਤ ਕਰਕੇ ਦਾਨ ਕੀਤੇ ਗਏ ਹਨ।

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥

ਸ੍ਰੇਸ਼ਟ ਦਾਨ ਗੁਰੂ ਘਰ ਅੰਦਰ ਗੁਰਮਤਿ ਅਨੁਸਾਰ ਕੀ ਹੈ ? ਜੀਅ-ਦਾਨ ਗੁਰੂ ਘਰ ਦਾ ਸਭ ਤੋਂ ਵੱਡਾ ਸਿਰਮੌਰ ਦਾਨ ਹੈ। ਪਰਉਪਕਾਰੀ ਗੁਰੂ ਦਸਮੇਸ਼ ਜੀ ਨੇ ਜਿੱਥੇ ਅੰਮ੍ਰਿਤ-ਮਈ ਸੱਚਾ ਜੀਅ-ਦਾਨ ਦੇ ਕੇ ਗੁਰਸਿੱਖਾਂ ਨੂੰ ਨਿਵਾਜਿਆ ਓਥ ਪੰਜਾਂ ਗੁਰਸਿੱਖਾਂ ਤੋਂ ਅੰਮ੍ਰਿਤ ਦਾ ਜੀਅ-ਦਾਨ ਮੰਗਿਆ। ਇਸ ਬਿਧਿ ਆਪਣੇ ਆਪ ਨੂੰ ਗੁਰ ਚੇਲਾ, ਗੁਰਸਿੱਖਾਂ ਦਾ ਲਾਲਾ ਗੋਲਾ ਸਦਵਾਇਆ।

ਧੁਰ ਮੁੱਢ ਤੋਂ ਹੀ ਜੋ ਗਰੀਬੀ ਗੁਰੂ ਸਾਹਿਬ ਦੀ ਆਪਣੀ ਸ੍ਰਿਸ਼ਤ (ਸੁਭਾ) ਅੰਦਰ ਨੂਰੋ ਨੂਰ ਕੀਤੀ ਅਤੇ ਸੱਚਾ ਸਬਕ ਸਿਖਾਇਆ ਤਾਂ ਇਹ ਸਿਖਾਇਆ ਕਿ ਗੁਰਸਿੱਖਾਂ ਵਿਚੋਂ ਕੋਈ ਵੀ ਗੁਰਸਿੱਖ ਸੁਪਨ ਮਾਤਰ ਇਹ ਅਨੁਮਾਨ ਗੁਮਾਨ ਨਾ ਕਰ ਬੈਠੇ ਕਿ ਮੈਂ ਦਾਨ-ਦਾਤਾਰ ਹਾਂ। ਸੱਚੇ ਦਾਨ-ਦਾਤਾਰ-ਗੁਰੱਤਤਾ ਵਾਲੀ ਸਪਿਰਿਟ ਪੰਜਾਂ ਸਿੱਖਾਂ ਅੰਦਰ ਭਰੀ। ਇਨ੍ਹਾਂ ਪੰਜਾਂ ਗੁਰਸਿੱਖਾਂ ਵਿਚੋਂ ਕਿਸੇ ਨੂੰ ਵੀ ਗੁਰੂ ਸਦਾਉਣ ਦਾ ਪਾਤਰ ਨਹੀਂ ਬਣਾਇਆ। ਹਉਮੈ ਰੋਗ ਦਾ ਉੱਕਾ ਹੀ ਬਿਨਾਸ ਕਰ ਕੇ, ਜੈਸੀ ਕਿ ਗੁਰੂ ਦਸਮੇਸ਼ ਜੀ ਨੇ ਗੁਰਸਿੱਖਾਂ ਅੰਦਰ ਗਰੀਬੀ ਦੀ ਸੱਚੀ ਸਪਿਰਿਟ ਭਰੀ ਹੈ, ਅੱਜ ਤਾਈਂ ਕਿਸੇ ਵੀ ਕੌਮ ਦੇ ਹਾਦੀ ਨੇ ਨਹੀਂ ਭਰੀ।

ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਧੁਰ ਦਰਗਾਹੋਂ ਸੱਚਖੰਡ ਤੋਂ ਗਰੀਬੀ ਪਾਈ। ਇਹੋ ਗਰੀਬੀ ਵਾਲੀ ਦਾਤਿ-ਇਲਾਹੀ ਗੁਰੂ ਦਸਮੇਸ਼ ਜੀ ਨੇ ਆਪਣੇ ਨਿਜ ਆਤਮਾ ਦੇ ਸਮੂਹ ਸਿੱਖਾਂ ਦੀਆਂ ਆਤਮਾਵਾਂ ਅੰਦਰਿ ਵਰਤਾਈ। ਜੈਸੇ ਕਿ ਗੁਰੂ ਨਾਨਕ ਸਾਹਿਬ ਨੇ ਸਾਰੇ ਸੰਸਾਰ ਅੰਦਰ ਸੱਚੜੇ ਪਰਉਪਕਾਰ ਦਾ ਨਾਮ ਭਰਿਆ ਡੰਕਾ ਬਜਾਇਆ ਅਤੇ ਨਾਮ ਦਾ ਹੀ ਝੰਡਾ ਝੁਲਾਇਆ, ਐਨ ਏਸੇ ਪ੍ਰਕਾਰ ਹੀ ਸ੍ਰੀ ਦਸਮੇਸ਼ ਜੀ ਨੇ ਨਾਮ ਦਾ ਖੰਡਾ ਖੜਕਾਇਆ। ਏਸੇ ਨਾਮ ਅੰਦਰ ਹੀ ਸੱਚੀ ਸੂਰਮਤਾ ਭਰੀ ਹੋਈ ਹੈ। ਸ੍ਰੀ ਦਸਮੇਸ਼ ਜੀ ਕੋਈ ਵਿਲੱਖਣ ਪਹਿਲੇ ਗੁਰੂ ਸਾਹਿਬ ਤੋਂ ਵੱਖਰੇ ਖੰਡਾ ਖੜਗੇਸ਼ ਸੂਰਮੇਸ਼ ਗੁਰੂ ਨਹੀਂ ਹੋਏ। ਗੁਰਬਾਣੀ ਅੰਦਰ ਸਪੱਸ਼ਟ ਤੌਰ ਤੇ ਇਸ ਗੱਲ ਨੂੰ ਨਿਤਾਰਿਆ ਗਿਆ ਹੈ ਕਿ ਸਾਰੀ ਸੂਰਮਤਾ ਸੱਚੜੇ ਨਾਮ ਦੀ ਸਿਫਤ-ਸਾਲਾਹ ਅੰਦਰਿ ਹੀ ਭਰੀ ਪਈ ਹੈ। ਨਾਮ ਦੇ ਰੰਗਾਂ ਵਿਚ ਆ ਕੇ ਹੀ ਸੱਚੜੀ ਸੂਰਮਤਾ ਵਾਲਾ ਰੰਗ ਲੱਗਦਾ ਹੈ। ਯਥਾ ਗੁਰਵਾਕ :—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥...੧॥ (੨॥੪॥੩੫)

ਧਨਾਸਰੀ ਮ: ੫, ਪੰਨਾ ੬੮੦

ਸੱਚੀ ਸੂਰਮਤਾ, ਜੈਸੀ ਕਿ ਸਮੱਗਰ ਗੁਰੂ ਸਾਹਿਬਾਨ ਨੇ ਆਪਣਾ ਮਨ ਜਿੱਤਣ ਵਿਚ ਦਰਸਾਈ ਹੈ,



www.AKJ.Org

ਤੈਸੀ ਹੀ ਗੁਰੂ ਦਸਮੇਸ਼ ਜੀ ਦੇ ਜਣਾਵਣ ਵਿਚ ਆਈ ਹੈ। ਜਿਸ ਜਨ ਨੇ ਆਤਮ-ਕਲਾ ਨਾਮ ਦਵਾਰਾ ਵਰਤਾ ਕੇ ਆਪਣਾ ਆਪ ਜਿਣਿਆ ਹੈ ਓਸੇ ਦੇ ਹੀ ਵਸਗਤਿ ਸਾਰੀ ਦੀਨ ਦੁਨੀ ਦੀ ਸਾਹਿਬੀ ਆ ਗਈ ਹੈ। ਗੁਰ ਪੂਰੇ ਦੀ ਸੱਚੀ ਵਡਿਆਈ ਹੀ ਏਸੇ ਗੱਲ ਵਿਚ ਹੈ ਕਿ ਕੇਵਲ ਪੂਰੇ ਗੁਰੂ ਸਾਹਿਬਾਨ ਦਾ ਸਿੱਖ ਬਣਨ ਕਰਕੇ ਸੱਚੀ ਆਤਮ ਜਿਣਨ ਵਾਲੀ ਸੂਰਮਤਾਈ ਆਵੰਦੀ ਹੈ। ਏਸੇ ਆਤਮ-ਰੰਗਾਂ ਵਿਚ ਵਾਹਿਗੁਰੂ ਗਾਇਆ ਅਤੇ ਸਿਫਤਿ-ਸਾਲਾਹਿਆ ਪਰਗਟ ਪਹਾਰੇ ਵਿਰਸੇ ਵਿਚ ਆਂਵਦਾ ਹੈ।

ਗੁਰੂ ਦਸਮੇਸ਼ ਜੀ ਨੇ, ਗੁਰੂ ਨਾਨਕ ਸਾਹਿਬ ਦੇ ਦ੍ਰਿੜ੍ਹਾਏ ਹੋਏ ਨਾਮ ਦੀ ਕਲਾ ਨੂੰ ਵਰਤਾ ਕੇ ਹੀ ਗੁਰਸਿੱਖਾਂ ਅੰਦਰਿ ਸੱਚੀ ਅੰਮ੍ਰਿਤ ਮਈ ਮਾਰਸ਼ਲ (Martial) ਸਪਿਰਿਟ ਉਤਪੰਨ ਕੀਤੀ। ਆਮ ਲੋਕਾਂ ਦਾ ਇਹ ਬੜਾ ਹੀ ਭੁਲੇਖਾ ਹੈ, ਜੋ ਸ੍ਰੀ ਦਸਮੇਸ਼ ਜੀ ਦੇ ਉਪਦੇਸ਼ ਨੂੰ ਪਹਿਲੇ ਗੁਰੂ ਪਾਤਸ਼ਾਹੀਆਂ ਦੇ ਉਪਦੇਸ਼ ਉਦੇਸ਼ ਤੋਂ ਅੱਡਰਾ ਨਿਰੂਪਣ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰਿ ਸਾਰੀਆਂ ਗੁਰੂ ਪਾਤਸ਼ਾਹੀਆਂ ਨੇ ਉਪਦੇਸ਼ ਦੇ ਕੇ ਜੈਸਾ ਨਿਰਾਲਾ ਗੁਰਮਤਿ ਮੰਡਨ ਕੀਤਾ ਹੈ ਤੈਸਾ ਹੀ ਦਸਵੇਂ ਪਾਤਸ਼ਾਹ ਜੀ ਨੇ ਪਰਤੱਖ ਕਰਿ ਦਿਖਾਇਆ ਹੈ। ਆਨ ਮਤਾਂ ਦਾ ਖੰਡਨ ਪ੍ਰਿਥਮ ਗੁਰੂ ਪਾਤਸ਼ਾਹੀਆਂ ਦੀ ਬਾਣੀ ਅੰਦਰ ਕੋਈ ਘੱਟ ਕਰੜਾਈ ਨਾਲ ਨਹੀਂ ਕੀਤਾ ਗਿਆ। ਪਾਖੰਡ ਦਾ ਖੰਡਨ ਜੈਸਾ ਕਿ ਗੁਰੂ ਦਸਮੇਸ਼ ਜੀ ਨੇ ਪ੍ਰਤਿਪਾਦਨ ਕੀਤਾ ਹੈ, ਇੰਨ ਬਿੰਨ ਗੁਰੂ ਪ੍ਰਿਥਮ ਪਾਤ-ਸ਼ਾਹੀਆਂ ਦੇ ਉਪਦੇਸ਼-ਮਈ ਉਦੇਸ਼ ਅਨੁਸਾਰ ਕੀਤਾ ਹੈ। ਹਾਂ, ਏਸ ਪਾਖੰਡ ਖੰਡਣ ਮਈ ਉਪਦੇਸ਼ ਨੂੰ ਬੜੇ ਜ਼ੋਰਦਾਰ ਲਹਿਜੇ ਵਿਚ ਸਪੱਸ਼ਟਾਇਆ ਹੈ। ਗੁਰਸਿੱਖਾਂ ਅੰਦਰ ਗੁਰਸਿਖੀ ਵਾਲੀ ਅਨਿੰਨ ਸਪਿਰਿਟ ਉਤਪੰਨ ਹੀ ਨਹੀਂ ਹੋ ਸਕਦੀ ਜਦ ਤਾਈਂ ਸਿੱਖਾਂ ਨੂੰ ਆਨਮੱਤ ਮਈ ਪਾਖੰਡਾਂ ਨੂੰ ਸਪੱਸ਼ਟ ਤੌਰ ਤੇ ਨ ਦਰਸਾਇਆ ਜਾਵੇ। ਇਹ ਪਾਖੰਡ ਖੰਡਣ ਲਈ ਅਨਮਤ ਵਾਲਾ ਅਨਸਰ ਦ੍ਰਿੜ੍ਹ ਸਪੱਸ਼ਟਾਈ ਵਿਚ ਦ੍ਰਿੜ੍ਹਾ ਕੇ ਗੁਰੂ ਦਸਮੇਸ਼ ਜੀ ਨੇ ਬੜਾ ਭਾਰਾ ਉਪਕਾਰ ਕੀਤਾ ਹੈ। ਇਹ ਉਪਕਾਰ ਕੇਵਲ ਗੁਰਸਿੱਖਾਂ ਉਪਰ ਹੀ ਨਹੀਂ, ਬਲਕਿ ਸਾਰੇ ਜਹਾਨ ਉਪਰ ਹੀ ਕੀਤਾ ਹੈ।

ਦੀਰਘ ਦ੍ਰਿਸ਼ਟੀ ਨਾਲ ਸੋਚ ਵਿਚਾਰ ਕੇ ਦੇਖਿਆ ਜਾਵੇ ਤਾਂ ਗੁਰੂ ਨਾਨਕ ਤੇ ਗੁਰ ਦਸਮੇਸ਼ ਜੀ ਦੀ ਪ੍ਰਮਾਰਥਕ ਤਾਲੀਮ ਵਿਚ ਭੋਰਾ ਮਾਤਰ ਵੀ ਫ਼ਰਕ ਨਹੀਂ। ਜ਼ਮਾਨੇ ਦੀ ਰਵਸ਼ ਅਨੁਸਾਰ ਸਮੱਗਰ ਗੁਰੂ ਪਾਤਸ਼ਾਹੀਆਂ ਨੇ ਆਪਣੀ ਤੌਰ-ਤਰੀਕਤ (ਮਰਯਾਦਾ) ਨੂੰ ਬਦਲਿਆ ਹੈ, ਅਸਲੀਅਤ ਤੇ ਹਕੀਕਤ ਓਹੀ ਰਹੀ ਹੈ, ਸਾਰੀਆਂ ਗੁਰੂ-ਪਾਤਸ਼ਾਹੀਆਂ ਦੇ ਉਪਦੇਸ਼ ਅੰਦਰਿ ਇਕਸਾਰ ਹੀ ਰਹੀ ਹੈ। ਰਹਿਮ ਦਇਆ ਧਰਮ ਦਾ ਜੋ ਅਨਸਰ (ਮਾਦਾ) ਗੁਰੂ ਦਸਮੇਸ਼ ਜੀ ਦੇ ਸੱਚੜੇ ਉਦੇਸ਼ ਮਈ ਉਪਦੇਸ਼ ਅੰਦਰਿ ਪਾਇਆ ਜਾਂਦਾ ਹੈ ਸੋ ਸਦਾ ਲਈ ਨਵਾਂ ਨਰੋਇਆ, ਗੁਰਸਿੱਖਾਂ ਲਈ ਉਤਸ਼ਾਹਤ ਸਪਿਰਿਟ ਵਿਚ ਪਰੋਇਆ ਹੈ। ਸਦੀਵ-ਕਾਲ ਲਈ ਏਸੇ ਬਿਧਿ ਹੀ ਪ੍ਰੋਤਾ ਰਹੇਗਾ।

ਜਿਸ ਪ੍ਰਾਣੀ ਨੇ ਸ੍ਰੀ ਗੁਰੂ ਦਸਮੇਸ਼ ਜੀ ਦਾ ਬਖਸ਼ਿਆ ਹੋਇਆ ਖੰਡੇ ਦਾ ਅੰਮ੍ਰਿਤ ਨਹੀਂ ਛਕਿਆ ਉਸ ਦੀ ਆਤਮਾ ਅੰਦਰ ਗੁਰੂ ਨਾਨਕ ਸਾਹਿਬ ਅਤੇ ਪਹਿਲੀਆਂ ਨੌਵੇਂ ਗੁਰੂ ਪਾਤਸ਼ਾਹੀਆਂ ਦੀ ਨਾਮ ਦ੍ਰਿੜ੍ਹ ਕਰਾਵਣਹਾਰੀ ਚੰਗਾਰੀ ਹੀ ਨਹੀਂ ਪੁੰਗਰੀ। ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਵਾਰਾ ਨਾਮ-ਅਭਿਆਸ-ਕਲਾ ਸਫੁਰਨ ਤੇ ਸੰਚਰਿਤ ਨਹੀਂ ਹੋਈ, ਉਨ੍ਹਾਂ ਦੇ ਅੰਦਰ ਸ੍ਰੀ ਦਸਮੇਸ਼ ਜੀ ਦੀ ਜਗਾਈ ਜਾਗਤ ਕਲਾ ਹੀ ਨਹੀਂ ਆਈ। ਗੁਰੂ ਨਾਨਕ ਦਸਮੇਸ਼ ਜੀ ਦੇ ਸੱਚੇ ਉਪਦੇਸ਼ ਦਾ ਉਤਮਤਾਇਆ (ਨਿਵਾਜਿਆ) ਹੋਇਆ ਸੱਚਾ ਖਾਲਸਾ ਹੀ ਓਹੀ ਹੈ, ਜਿਸ ਦੇ ਘਟ ਅੰਦਰਿ ਪੂਰਨ ਜੋਤਿ ਜਗ-ਜੀਵਨੀ ਆਇ ਜਗੀ ਹੈ। ਇਸ ਜੱਗ-ਜੀਵਨੀ ਜਾਗਤ ਕਲਾ ਵਾਲੀ ਸੰਪੂਰਨਤਾ ਨੂੰ ਸ੍ਰੀ ਦਸਮੇਸ਼ ਜੀ ਨੇ ਅਧਿਕ ਛਾਂਦੇ ਵਰਤਾ ਕੇ ਸੰਧੂਰਤ ਕੀਤਾ ਹੈ, ਵੇਸ ਪਲਟਿਆ ਹੈ। ਬਾਹਰਲੇ ਭੇਖ ਕਿਸੇ ਵੀ ਗੁਰੂ ਪਾਤਸ਼ਾਹੀ ਨੂੰ ਪਸੰਦਤ ਨਹੀਂ।

[ਬਾਕੀ ਸਫ਼ਾ ੬ ਦੇ ਹੇਠ ਵੇਖੋ]



www.AKJ.Org

# ਕਲਗੀਧਰ ਪਾਤਸ਼ਾਹ ਦੇ ਸਾਜੇ ਨਿਵਾਜੇ ਪੰਜ ਪਿਆਰੇ

[ਸੁਕਐਡਰਨ ਲੀਡਰ ਭਾਈ ਰਾਮ ਸਿੰਘ ਜੀ, ਸ੍ਰੀ ਅੰਮ੍ਰਿਤਸਰ]

ਪੰਜਾਂ ਪਿਆਰਿਆਂ ਦੀ ਸੇਵਾ ਦੇ ਸੰਬੰਧ ਵਿਚ, ਕਈ ਗੁਰਮੁਖਿ ਪਿਆਰਿਆਂ ਵਲੋਂ ਪੱਤਰ ਪੁਜਦੇ ਰਹਿੰਦੇ ਹਨ। ਸਿਖ ਧਰਮ ਅੰਦਰ ਇਹ ਸਭ ਤੋਂ ਉੱਚੀ ਸੁੱਚੀ, ਕਲਗੀਧਰ ਪਾਤਸ਼ਾਹ ਜੀ ਦੀ ਚਲਾਈ ਪਰਮੁਖ ਸੇਵਾ ਹੈ। ਸਿੱਖ ਧਰਮ ਦੇ ਚੋਟੀ ਦੇ ਵਿਦਵਾਨ ਭਾਈ ਗੁਰਦਾਸ ਜੀ ਦੇ ਕਥਨ "ਇਕ ਸਿਖ ਦੁਇ ਸਾਧ ਸੰਗ, ਪੰਜੀਂ ਪਰਮੇਸ਼ਰ।੧੯। (੧੩) ਅਨੁਸਾਰ ਪੰਜ ਗੁਰਸਿਖ ਪਰਮੇਸ਼ਰ ਰੂਪ ਹੁੰਦੇ ਹਨ। ਕਿਉਂਕਿ ਜਿਵੇਂ ਗੁਰੂ ਸਾਹਿਬ ਜੀ ਆਪ ਕਲਜੁਗੀ ਜੀਵਾਂ ਨੂੰ ਗੁਰ-ਦੀਖਿਅਤ ਕਰਦੇ ਰਹੇ ਹਨ ਤਿਵੇਂ ਹੀ ਗੁਰੂ ਸਾਹਿਬ ਜੀ ਦੀ ਜਗ੍ਹਾ, ਹੁਣ ਪੰਜ ਪਿਆਰੇ ਮਨੁਖ ਜਾਤੀ ਨੂੰ ਗੁਰ-ਦੀਖਿਅਤ ਕਰ ਰਹੇ ਹਨ। ਇਸ ਲਈ ਪੰਜ ਪਿਆਰੇ ਗੁਰੂ-ਰੂਪ ਹਨ। ਗੁਰੂ ਜੀ ਆਪ ਪਰਮੇਸ਼ਰ-ਰੂਪ ਹਨ (ਪਾਰਬ੍ਰਹਮ-ਗੁਰ-ਨਾਹੀ-ਭੇਦ ॥੧੧੪੨), ਇਸ ਲਈ ਪੰਜ ਪਿਆਰਿਆਂ ਵਿਚ ਭੀ ਪਰਮੇਸ਼ਰ ਵਰਤਦਾ ਹੈ। ਸੋ ਭਾਈ ਗੁਰਦਾਸ ਜੀ ਕਥਨ ਸਤਿ ਹੈ।

ਇਹ ਹੈ ਸਿਖ ਧਰਮ ਦਾ ਮੁੱਢ ਅਤੇ ਅਸਲੀਅਤ। ਪਿਛਲੇ ਤਿੰਨ ਚਾਰ ਸਾਲਾਂ ਦੀ ਗੱਲ ਹੈ ਕਿ ਖਾਲਸਾ ਪੰਥ ਵਿਚ ਏਕਤਾ ਨੂੰ ਮਜ਼ਬੂਤ ਕਰਨ ਲਈ, ਪੰਜਾਂ ਪਿਆਰਿਆਂ ਨੇ, ਪੰਥ ਦੇ ਨਾਮ ਇਕ ਹੁਕਮਨਾਮਾ ਜਾਰੀ ਕੀਤਾ। ਪੰਥ ਦੇ ਕਿਸੇ ਖਾਸ ਹਿੱਸੇ ਨੂੰ ਇਹ ਹੁਕਮਨਾਮਾ ਨਹੀਂ ਸੀ ਜਚਿਆ। ਉਸ ਹਿੱਸੇ ਨੇ ਆਪਣੇ ਪੰਜ ਪਿਆਰੇ ਤਿਆਰ ਕਰ ਕੇ, ਪਹਿਲੇ ਹੁਕਮਨਾਮੇ ਦੀ ਵਿਰੋਧਤਾ ਕੀਤੀ। ਇਹ ਖ਼ਬਰ ਅਖਬਾਰਾਂ ਵਿਚ ਭੀ ਛਪ ਗਈ।

ਇਹ ਖ਼ਬਰ ਪੜ੍ਹ ਕੇ ਅਤੀ ਦੁੱਖ ਹੋਇਆ। ਖ਼ਿਆਲ ਆਇਆ ਕਿ ਹੁਣ ਕਿਹੜੀ ਕੰਧ ਵਿਚ ਸਿਰ ਮਾਰੀਏ ? ਕਿਸ ਮੂਹਰੇ ਫ਼ਰਿਆਦ ਕਰੀਏ ? ਪੰਜਾਂ ਪਿਆਰਿਆਂ ਦੇ ਇਨ੍ਹਾਂ ਦੋ ਸੈੱਟਾਂ ਵਿਚੋਂ ਕਿਹੜੇ ਸੈੱਟ ਦੇ ਸਿਰ ਤੇ ਕਲਗੀਧਰ ਪਾਤਸ਼ਾਹ ਜੀ ਦਾ ਹੱਥ ਹੋਵੇਗਾ ? ਕਿ ਕਿਸੇ ਦੇ ਸੀਸ 'ਤੇ ਭੀ ਨਹੀਂ ਹੋਏਗਾ ? 'ਪੰਜੀਂ ਪਰਮੇਸ਼ਰ' ਬਾਰੇ ਕੌਣ ਚਾਨਣ ਪਾਏਗਾ ?

ਅੱਜ ਭੀ ਇਕ ਇਲਾਕੇ ਦੀ ਸੰਗਤਿ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਕੁਝ ਮਤੇ ਪਾਸ ਕਰਦੀ ਹੈ; ਦੂਜੇ ਇਲਾਕੇ ਦੀ ਸੰਗਤਿ ਇਸ ਦੀ ਵਿਰੋਧਤਾ ਦੇ ਮਤੇ ਪਾਸ ਕਰ ਦੇਂਦੀ ਹੈ। ਦੋਹੀਂ ਥਾਈਂ ਅਰਦਾਸਾਂ

---

● ਫ਼ਰਕ ਹੈ ਤਾਂ ਸਿਰਫ਼ ਇਹ ਹੈ ਕਿ ਆਮ ਲੋਕਾਂ ਦੀ ਬੁੱਧੀ ਸ੍ਰੀ ਗੁਰੂ ਦਸਮੇਸ਼ ਜੀ ਦੇ ਉਪਦੇਸ਼ ਉਦੇਸ਼ਾਂ ਨੂੰ ਭਲੀ ਪਰਕਾਰ ਗ੍ਰਹਿਣ ਕਰਨ ਦੀ ਪਾਤਰ ਹੀ ਨਹੀਂ ਰਹੀ। ਆਮ ਲੋਕੀਂ ਉਰੇ ਉਰੇ ਹੀ ਟੱਕਰਾਂ ਮਾਰਦੇ ਹਨ, ਆਪਣੇ ਮਨ ਦੀ ਮਤਿ ਅਨੁਸਾਰ ਹੀ ਮਾਰਦੇ ਹਨ। ਉਨ੍ਹਾਂ ਦੇ ਉਪਰ ਸੱਚੀ ਗੁਰੱਤਤਾ ਵਾਲੀ ਕਲਾ ਵਰਤੀ ਹੀ ਨਹੀਂ। ਜੇ ਵਰਤੇ ਤਾਂ ਕਿਉਂ ਟੱਕਰਾਂ ਮਾਰਨ ਤੇ ਕਿਉਂ ਵਿਤਕਰੇ ਚਿਤਾਰਨ। ਏਸ ਪ੍ਰਕਾਰ ਦੀਆਂ ਝਖਾਂ ਕਿਉਂ ਮਾਰਨ ਕਿ ਗੁਰੂ ਸਾਹਿਬਾਨ ਦੀ ਤਾਲੀਮ ਵਿਚ ਵਿਤਕਰਾ ਹੈ।

ਗੁਰੂ ਦਸਮੇਸ਼ ਜੀ ਦੀ ਗੁਰੱਤਤਾ ਵਿਚ ਪੂਰਨ ਉਪਕਾਰ ਮਈ ਸੂਰਮਗਤੀ ਭਰਪੂਰ ਲੀਣੀ ਹੋ ਗਈ। ਸੱਚਾ ਭਰਪੂਰ ਲੀਣਾ ਉਪਕਾਰ ਓਹੀ ਸਿੱਖ ਕਰ ਸਕਦਾ ਹੈ ਜੋ ਗੁਰੂ ਦਸਮੇਸ਼ ਜੀ ਦਾ ਸੰਚਰਿਆ ਹੋਇਆ ਅੰਮ੍ਰਿਤ ਪਾਨ ਕਰ ਕੇ ਸੱਚਾ ਸੂਰਮਾ ਸਿੱਖ ਸਜੇ। ਸੱਚੀ ਸੂਰਮਤਾ, ਸੱਚੀ ਉਪਕਾਰਤਾ ਵਾਲੀ ਸੱਚੀ ਸਪਿਰਿਟ, ਜੈਸੀ ਕਿ ਗੁਰੂ ਦਸਮੇਸ਼ ਜੀ ਦੇ ਦਰਸਾਏ ਸਿੰਘਪੁਣੇ ਵਿਚ ਹੈ, ਉਹ ਕਿਸੇ ਵੀ ਉਪਕਾਰੀਅਤ ਵਿਚ ਨਹੀਂ ਪਾਈ ਜਾ ਸਕਦੀ, ਭਾਵੇਂ ਕਿਤਨੀ ਹੀ ਸਹਿਜ ਸਿਆਣਪੀ ਸਰੂਪ ਵਾਲੀ ਸੂਰਤ ਵਿਚ ਹੋਵੇ।

ਤਾਂ ਤੇ ਸਾਰੇ ਸੰਸਾਰ ਨੂੰ ਗੁਰੂ ਦਸਮੇਸ਼ ਜੀ ਦੇ ਸੱਚੇ ਅਤੇ ਸੁੱਚੇ ਉਪਕਾਰ ਯਾਦ ਕਰ ਕੇ ਧੰਨ ਗੁਰੂ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦਾ ਜੈ ਜੈਕਾਰ-ਮਈ ਆਲਾਪ ਜਪਣਾ ਚਾਹੀਦਾ ਹੈ।

['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ



www.AKJ.Org

ਅਤੇ ਜੈਕਾਰਿਆਂ ਰਾਹੀਂ ਸੰਗਤ ਦੀ ਸਰਬ-ਸੰਮਤੀ ਦੀ ਪ੍ਰੋੜ੍ਹਤਾ ਹਾਸਲ ਕੀਤੀ ਜਾਂਦੀ ਹੈ। ਸੰਗਤਿ ਦੇ ਸੰਗਤਿ ਖ਼ਿਲਾਫ਼ ਕਿਉਂ ? ਪੰਜਾਂ ਪਿਆਰਿਆਂ ਦੇ ਪੰਜ ਪਿਆਰੇ ਖ਼ਿਲਾਫ਼ ਕਿਉਂ ? ਪਰਮੇਸ਼ਰ ਦੇ ਪਰਮੇਸ਼ਰ ਖ਼ਿਲਾਫ਼ ਕਿਉਂ ? ਇਹ ਕੀ ਹੋ ਰਿਹਾ ਹੈ ? ਐਸਾ ਕਿਉਂ ? ਉਹ ਕਿਹੜੀ ਸੰਗਤਿ ਹੈ ਜਿਸ ਨੂੰ ਗੁਰੂ ਜੀ ਨੇ ਕਿਹਾ ਸੀ ਇੱਕੀ ਵਿਸਵੇ, ਅਤੇ ਆਪਣੇ ਆਪ ਨੂੰ ਵੀਹ ਵਿਸਵੇ ਦੱਸਿਆ ਸੀ ? ਇਸ ਦਾ ਹੱਲ ਕੌਣ ਕੱਢੇਗਾ ? ਗੁਰੂ ਰੂਪ ਪੰਜ ਪਿਆਰੇ ਕਿਹੜੇ ਹਨ ?

ਕਲਗੀਧਰ ਪਾਤਸ਼ਾਹ ਜੀ ਨੇ ਪੂਰਨ ਸਿੱਖੀ ਚਲਾਈ ਸੀ। ਪੂਰਨ ਸਿੱਖੀ ਅਤੇ ਅਜੋਕੀ ਸਿੱਖੀ ਵਿਚ ਬਹੁਤ ਫ਼ਰਕ ਹੈ। ਇਹ ਫ਼ਰਕ ਰਾਤੋ ਰਾਤ ਹੀ ਨਹੀਂ ਸਾਡੇ ਵਿਚ ਆ ਵੜਿਆ। ਇਹ ਫ਼ਰਕ ਇਤਨਾ ਹੌਲੀ ਹੌਲੀ ਆਇਆ ਹੈ ਕਿ ਇਸ ਦੇ ਆਉਣ ਦਾ ਬਹੁਤਿਆਂ ਨੂੰ ਤਾਂ ਪਤਾ ਹੀ ਨਹੀਂ ਲੱਗਾ। ਤੇ ਜੇ ਕਿਸੇ ਨੂੰ ਲੱਗਾ ਭੀ ਹੋਊ, ਤਾਂ ਉਸ ਨੇ ਕਹਿ ਦਿੱਤਾ ਹੋਊ 'ਇਤਨੀ ਕੁ ਗੱਲ ਦਾ ਕੋਈ ਹਰਜ ਨਹੀਂ'। ਨਿੱਕੀਆਂ ਨਿੱਕੀਆਂ ਛੋਟਾਂ ਨੇ ਇਕੱਠਿਆਂ ਹੋ ਕੇ ਹੁਣ ਸਾਡਾ ਝੁੱਗਾ ਚੰਗੀ ਤਰ੍ਹਾਂ ਚੋੜ ਕਰ ਦਿੱਤਾ ਹੈ। ਇਸ ਲਈ, ਗੁਰਬਾਣੀ ਦੇ ਚਾਨਣ ਵਿਚ ਇਸ ਵਿਸ਼ੇ ਉੱਤੇ, ਵਿਚਾਰ ਕਰਨੀ ਅਤੀ ਜ਼ਰੂਰੀ ਬਣ ਗਈ ਹੈ। ਅਸੀਂ ਗੁਰਸਿੱਖ ਤਾਂ ਹੀ ਅਖਵਾਂਦੇ ਹਾਂ ਜੇ ਅਸੀਂ ਗੁਰੂ ਦੀ ਸਿਖਿਆ ਤੇ ਚਲਦੇ ਹਾਂ। ਗੁਰਸਿਖ ਭਾਵੇਂ ਇਕੱਲਾ ਵਿਚਰ ਰਿਹਾ ਹੈ, ਭਾਵੇਂ ਦੋਂਹ ਦੇ ਰੂਪ ਵਿਚ ਵਿਚਰ ਰਿਹਾ ਹੈ, ਭਾਵੇਂ ਪੰਜਾਂ ਦੇ ਰੂਪ ਵਿਚ ਵਿਚਰ ਰਿਹਾ ਹੈ ਅਤੇ ਭਾਵੇਂ ਸੰਗਤਿ ਦੇ ਰੂਪ ਵਿਚ ਵਿਚਰ ਰਿਹਾ ਹੈ, ਗੁਰਸਿਖ ਨੇ ਗੁਰੂ ਦੀ ਅਗਵਾਈ ਵਿਚ ਹੋ ਕੇ ਵਿਚਰਨਾ ਹੈ। ਗੁਰਸਿਖ ਦੇ ਸਿਰ ਤੇ ਗੁਰਬਾਣੀ ਦਾ ਕੁੰਡਾ ਹੈ। ਗੁਰਸਿਖ ਨੇ ਇਸ ਕੁੰਡੇ ਤੋਂ ਬਾਹਰਾ ਹੋ ਕੇ ਨਹੀਂ ਚੱਲਣਾ। ਯਥਾ– 'ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ......'੯੮੨। ਗੁਰਸਿਖ ਨੇ ਆਪਣੀ ਮਰਜ਼ੀ ਨਹੀਂ ਕਰਨੀ।

ਕਲਗੀਧਰ ਪਾਤਸ਼ਾਹ ਜੀ ਨੇ ਪੰਜ ਪਿਆਰੇ ਸਾਜੇ। ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਬਾਕੀ ਦਾ ਸਾਰਾ ਖਾਲਸਾ ਪੰਥ ਸਜਿਆ। ਪੰਜ ਪਿਆਰੇ ਅੰਮ੍ਰਿਤ-ਅਭਿਲਾਖੀਆਂ ਨੂੰ ਉਪਦੇਸ਼ ਕਰਦੇ ਹਨ ਕਿ :–

੧. ਪੰਜੇ ਕਕਾਰ ਜੀਵਨ-ਭਰ ਸਰੀਰ ਉੱਤੇ ਸਜਾਈ ਰੱਖਣੇ ਹਨ।
੨. ਚਾਰ ਬੱਜਰ ਕੁਰਹਿਤਾਂ ਤੋਂ ਹਮੇਸ਼ਾ ਬਚੇ ਰਹਿਣਾ ਹੈ।
੩. ਪੂਰੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਹੈ, ਯਥਾ–'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ......੩੦੫।'
੪. ਗੁਰੂ ਘਰ ਤੋਂ ਬੇਮੁਖਾਂ (ਬੇ-ਅੰਮ੍ਰਿਤੀਆਂ) ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਰੱਖਣੀ (ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥੭੯੦) ਨਹੀਂ ਤਾਂ ਨਾਮ ਦੀ ਸਾਰ ਭੁੱਲ ਜਾਏਗੀ ਅਤੇ ਪੰਜੇ ਵਿਸ਼ੇ ਸਰੀਰ ਤੇ ਆ ਕਾਬੂ ਪਾਉਣਗੇ।
੫. ਧਰਮ ਦੀ ਕਿਰਤ ਵਿਰਤ ਕਰ ਕੇ ਵੰਡ ਛਕਣਾ ਹੈ। ਪਰਾਇਆ ਹੱਕ ਨਹੀਂ ਖਾਣਾ। (ਘਾਲਿ ਖਾਇ ਕਿਛੁ ਹਥਹੁ ਦੇਇ॥ਨਾਨਕ ਰਾਹੁ ਪਛਾਣਹਿ ਸੇਇ॥੧੨੪੫), ਨਹੀਂ ਤਾਂ ਸਿਖੀ ਮਾਰਗ ਦੀ ਪਹਿਚਾਨ ਭੁੱਲ ਜਾਏਗੀ।
੬. ਕੱਚੀ ਬਾਣੀ ਨਾ ਪੜ੍ਹਨੀ ਨਾ ਸੁਣਨੀ (ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥...ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥੯੨੦)
੭. ਦੁਨਿਆਵੀ ਧੜਿਆਂ ਤੋਂ ਨਿਰਪੱਖ ਹੋ ਕੇ ਵਿਚਰਨਾ ਹੈ। ਕੇਵਲ ਹਰੀ ਦੇ ਧੜੇ ਦਾ ਹੀ ਪੱਖ ਪੂਰਨਾ ਹੈ। ਯਥਾ–"ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ...੩੬੬" "ਗੁਰਮੁਖਿ ਵੈਰ ਵਿਰੋਧ ਗਵਾਵੈ...॥੯੪੨"
੮. ਨਾਮ-ਬਾਣੀ ਨੂੰ ਆਪਣਾ ਜੀਵਨ-ਨਿਸ਼ਾਨਾ ਬਣਾਨਾ ਹੈ। ਯਥਾ–"ਅੰਮ੍ਰਿਤ ਬਾਣੀ ਮੰਨਿ ਵਸਾਏ



www.AKJ.Org

ਅੰਮ੍ਰਿਤੁ-ਨਾਮੁ-ਧਿਆਵਣਿਆ...੧੧੮॥"

੯. ਗੁਰਬਾਣੀ ਅੰਦਰ ਦਰਸਾਏ ਸਭ ਹੁਕਮਾਂ ਤੇ ਚੱਲਣ ਦਾ ਉੱਤਮ ਉਪਰਾਲਾ ਕਰਨਾ ਹੈ।

"ਗੁਰਬਾਣੀ-ਕਹੈ-ਸੇਵਕ-ਜਨੁ-ਮਾਨੈ..."

ਅੰਮ੍ਰਿਤ-ਅਭਿਲਾਖੀ, ਗੁਰੂ ਸਾਹਿਬ ਜੀ ਅੱਗੇ ਮੱਥਾ ਟੇਕ ਕੇ, ਉਪਰ ਦਰਸਾਏ ਹੁਕਮਾਂ ਤੇ ਚੱਲਣ ਦੀ ਪਰਵਾਨਗੀ ਦੇਂਦੇ ਹਨ।

ਜੇ ਪੰਚਾਂ ਵਿਚ ਸੇਵਾ ਕਰਨ ਵਾਲਾ ਸਿਖ ਆਪ ਹੀ ਪੰਜਾਂ ਕਕਾਰਾਂ ਦਾ ਪੱਕਾ ਧਾਰਨੀ ਨਹੀਂ ਹੈ, ਅਤੇ ਇਨ੍ਹਾਂ ਕਕਾਰਾਂ ਦੇ ਸੰਬੰਧ ਵਿਚ, ਇਸ਼ਨਾਨ ਸਮੇਂ ਜਾਂ ਬਿਸਰਾਮ ਸਮੇਂ, ਢਿਲਿਆਈ ਵਰਤ ਲੈਂਦਾ ਹੈ, ਤਾਂ ਅਜਿਹਾ ਵਿਅਕਤੀ ਅੰਮ੍ਰਿਤ-ਅਭਿਲਾਖੀਆਂ ਨੂੰ ਜੀਵਨ ਪ੍ਰਯੰਤ ਪੰਜਾਂ ਕਕਾਰਾਂ ਦਾ ਪੱਕਾ ਧਾਰਨੀ ਹੋਣ ਦਾ ਉਪਦੇਸ਼ ਕਰਨ ਯੋਗ ਨਹੀਂ ਸਮਝਿਆ ਜਾ ਸਕਦਾ।

ਜੇ ਪੰਚਾਂ ਦੀ ਸੇਵਾ ਵਿਚ ਸ਼ਾਮਲ ਹੋਣ ਵਾਲਾ ਵਿਅਕਤੀ ਆਪ ਹੀ ਕਦੇ ਕਦੇ ਅੰਮ੍ਰਿਤ ਵੇਲੇ ਦੇ ਇਸ਼ਨਾਨ ਦੀ ਦਾਅ-ਘੁਸਾਈ ਮਾਰ ਜਾਂਦਾ ਹੈ, ਜਾਂ ਪੂਰਨ ਅੰਮ੍ਰਿਤ ਵੇਲੇ ਦੀ ਸੰਭਾਲ ਵਿਚ ਢਿੱਲਾ ਹੈ, ਤਾਂ ਉਹ ਅੰਮ੍ਰਿਤ-ਅਭਿਲਾਖੀਆਂ ਨੂੰ, ਅੰਮ੍ਰਿਤ ਵੇਲੇ ਦੇ ਇਸ਼ਨਾਨ ਅਤੇ ਸੰਭਾਲ ਸੰਬੰਧੀ ਉਪਦੇਸ਼ ਦੇਣ ਦੇ ਯੋਗ ਨਹੀਂ ਹੈ।

ਏਸੇ ਤਰ੍ਹਾਂ ਨੜੀਮਾਰਾਂ, ਸਿਰਗੁੰਮਾਂ ਅਥਵਾ ਬੇ-ਅੰਮ੍ਰਿਤੀਆਂ ਨਾਲ ਬਹੂ-ਬੇਟੀ ਦੀ ਸਾਂਝ ਰੱਖਣ ਵਾਲਾ, ਅਤੇ ਇਨ੍ਹਾਂ ਦਾ ਤਿਆਰ ਕੀਤਾ ਭੋਜਨ ਖਾ ਲੈਣ ਵਾਲਾ ਵਿਅਕਤੀ ਪੰਚਾਂ ਵਿਚ ਸ਼ਾਮਲ ਹੋ ਕੇ ਅੰਮ੍ਰਿਤ-ਅਭਿਲਾਖੀਆਂ ਨੂੰ ਵੇਦੀਨਾਂ ਨਾਲ ਰੋਟੀ ਬੇਟੀ ਦੀ ਸਾਂਝ ਤੋਂ ਰੋਕਣ ਦਾ ਉਪਦੇਸ਼ ਕੈਸੇ ਕਰ ਸਕਦਾ ਹੈ ?

ਜਿਹੜਾ ਆਪ ਅਜੇ ਧਰਮ ਦੀ ਕਿਰਤ ਵਿਰਤ ਕਰ ਕੇ ਆਪਣਾ ਨਿਰਬਾਹ ਨਹੀਂ ਕਰਦਾ, ਜਾਂ ਨਹੀਂ ਕਰਨ ਲੱਗਾ, ਸਗੋਂ ਹੋਰਨਾਂ ਦੀ ਕਮਾਈ ਉੱਤੇ ਨਿਰਬਾਹ ਕਰਦਾ ਹੈ (ਇਸ ਵਿਚ ਮਾਪਿਆਂ ਦੀ ਕਮਾਈ ਉੱਤੇ ਨਿਰਬਾਹ ਕਰਨ ਵਾਲਾ ਭੁਝੰਗੀ ਭੀ ਸ਼ਾਮਲ ਹੈ), ਅਜਿਹਾ ਪ੍ਰਾਣੀ ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਦੀ ਕਿਰਤ ਵਿਰਤ ਕਰ ਕੇ ਵੰਡ ਛਕਣ ਦਾ ਉਪਦੇਸ਼ ਕਰਨ ਦੇ ਯੋਗ ਨਹੀਂ। ਕਿਉਂਕਿ ਇਸ ਨੂੰ ਪਤਾ ਹੀ ਨਹੀਂ ਕਿ ਧਰਮ ਦੀ ਕਿਰਤ ਕੀ ਹੁੰਦੀ ਹੈ ਅਤੇ ਕਿਵੇਂ ਕਰੀਦੀ ਹੈ।

ਜੇ ਕੋਈ ਸਿਖ ਅੰਮ੍ਰਿਤ ਛਕਣ ਪਿਛੋਂ ਜਾਣ ਬੁੱਝ ਕੇ ਕੋਈ ਬੱਜਰ ਕੁਰਹਿਤ ਕਰ ਲੈਂਦਾ ਹੈ, ਅਤੇ ਫਿਰ ਪੰਚਾਂ ਦੇ ਪੇਸ਼ ਹੋਇ ਕੇ, ਭੁੱਲ ਬਖਸ਼ਵਾ ਕੇ ਮੁੜ ਅੰਮ੍ਰਿਤ ਛਕ ਲੈਂਦਾ ਹੈ, ਅਜਿਹਾ ਸਿਖ ਭੀ ਪੰਚਾਂ ਵਿਚ ਨਹੀਂ ਸ਼ਾਮਲ ਹੋ ਸਕਦਾ। ਨਹੀਂ ਤਾਂ ਬੱਜਰ ਕੁਰਹਿਤ ਕਰਨਾ ਅਤੇ ਮੁੜ ਬਖਸ਼ਵਾ ਲੈਣਾ ਇਕ ਮਾਮੂਲੀ ਜਿਹੀ ਖੇਡ ਬਣ ਜਾਏਗੀ। ਪੰਚਾਂ ਦੀ ਸੇਵਾ ਕਰਨ ਵਾਲੇ (ਗੁਰੂ ਵੱਤ) ਬੇ-ਦਾਗ਼, ਅਤੇ ਨਿਰਮਲ ਹੀ ਹੋਣੇ ਚਾਹੀਦੇ ਹਨ, ਤਾਂ ਜੁ ਉਨ੍ਹਾਂ ਵੱਲ ਕੋਈ ਉਂਗਲ ਨਾ ਕਰ ਸਕੇ। ਜੇ ਆਪ ਹੀ ਪੰਚਾਂ ਵਿਚ ਸੇਵਾ ਕਰਨ ਵਾਲਾ ਦਾਗੀ ਹੋਵੇ ਤਾਂ ਉਹ ਅੰਮ੍ਰਿਤ-ਅਭਿਲਾਖੀਆਂ ਨੂੰ ਕੁਰਹਿਤਾਂ ਤੋਂ ਹਮੇਸ਼ਾ ਬਚੇ ਰਹਿਣ ਲਈ ਕਿਵੇਂ ਉਪਦੇਸ਼ ਦੇ ਸਕਦਾ ਹੈ ?

ਪੰਚਾਂ ਵਿਚ ਸੇਵਾ ਕਰਨ ਵਾਲਾ ਵਿਅਕਤੀ ਕਿਸੇ ਭੀ ਦੁਨਿਆਵੀ ਧੜੇ ਨਾਲ ਸੰਬੰਧਤ ਨਹੀਂ ਹੋਣਾ ਚਾਹੀਦਾ। ਉਹ ਬਿਲਕੁਲ ਸੁਤੰਤਰ, ਨਿਰਪੱਖ, ਨਿਰਵੈਰ, ਨਿਰਭਉ ਅਤੇ ਨਾਮ-ਰਸੀਆ ਹੋਣਾ ਲੋੜੀਦਾ ਹੈ। ਅਜਿਹੇ ਪੰਜ ਪਿਆਰੇ ਹੀ ਇਕ-ਰੂਪ ਹੋ ਕੇ ਇਕ-ਸਾਰਤਾ ਨਾਲ, ਗੁਰੂ-ਆਸ਼ੇ ਅਨੁਸਾਰ ਸਿੱਖ ਧਰਮ ਦੀ ਸੇਵਾ ਕਰ ਸਕਦੇ ਹਨ। ਦੁਨਿਆਵੀ ਧੜਿਆਂ ਦਾ ਪੱਖ ਪੂਰਨ ਵਾਲੇ ਪੰਜ ਪਿਆਰਿਆਂ ਦੇ ਮਨ ਵਿਚ ਆਪਣੇ ਧੜੇ ਦੀ ਪਾਲਿਸੀ ਦਾ ਹੀ ਬੋਲ-ਬਾਲਾ ਕਰਨ ਦੀ ਧੁਨ ਹੁੰਦੀ ਹੈ, ਤੱਤ ਸਿੱਖੀ ਦਾ ਬੋਲ-ਬਾਲਾ ਕਰਨ ਦੀ ਨਹੀਂ। ਸਮੂਹ ਅੰਮ੍ਰਿਤਧਾਰੀਆਂ ਨੂੰ ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ ਉਹ ਕੇਵਲ ਹਰੀ ਦੇ ਧੜੇ ਨਾਲ ਹੀ



www.AKJ.Org

ਸੰਬੰਧਤ ਰਹਿਣ : ਯਥਾ–"ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥ ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ਰਹਾਉ॥ ਜਿਨੑ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥ ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥੨॥ ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥ ਮਾਇਆ ਕਉ ਲੂਝਹਿ ਗਾਵਾਰੀ ॥ ਜਨਮਿ ਮਰਹਿ ਜੂਐ ਬਾਜੀ ਹਾਰੀ ॥ ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥੩॥.. ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥੩੬੬॥" ਗੁਰਸਿੱਖਾਂ ਦੇ ਮਨ ਵਿਚ ਏਸ ਧੜੇ ਦੇ ਮਾਲਕ ਦੀ ਵਡਿਆਈ ਹੀ ਭਾਉਂਦੀ ਹੈ, ਹੋਰ ਕਿਸੇ ਵਿਅਕਤੀ ਦੀ ਨਹੀਂ । ਯਥਾ "ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ" ॥ (੩੧੦)

ਕਲਜੁਗੀ ਜੀਵਾਂ ਨੂੰ ਸਿਖ ਧਰਮ ਅੰਦਰ ਲਿਆਉਣ ਲਈ ਸਤਿਗੁਰੂ ਜੀ ਹੀ ਉਪਦੇਸ਼ ਦੇਂਦੇ ਰਹੇ ਹਨ । ਓਹੋ ਫ਼ਰਜ਼ ਹੁਣ ਪੰਜ ਪਿਆਰੇ ਨਿਭਾ ਰਹੇ ਹਨ । ਭਾਵ ਕਿ ਸਿਖ ਧਰਮ ਅੰਦਰ ਉਪਦੇਸ਼, ਕੇਵਲ ਪੰਜ ਪਿਆਰੇ ਹੀ ਦੇ ਸਕਦੇ ਹਨ । ਹੋਰ ਕੋਈ ਇਕੱਲਾ ਦੁਕੱਲਾ ਉਪਦੇਸ਼ ਨਹੀਂ ਦੇ ਸਕਦਾ । ਅਤੇ ਇਹ ਉਪਦੇਸ਼ ਗੁਰੂ-ਆਸ਼ੇ ਅਨੁਸਾਰ ਹੀ ਦਿੱਤੇ ਜਾਂਦੇ ਹਨ, ਆਪਣੀ ਮਨ-ਮਰਜ਼ੀ ਅਨੁਸਾਰ ਨਹੀਂ । ਪੰਚਾਂ ਵਿਚ ਸੇਵਾ ਕਰਨ ਵਾਲਾ ਵਿਅਕਤੀ ਆਪ ਗੁਰ-ਉਪਦੇਸ਼ਾਂ ਤੇ ਚੱਲਦਾ ਹੈ ਅਤੇ ਹੋਰਨਾਂ ਨੂੰ (ਪੰਚਾਂ ਵਿਚ ਖੜ ਕੇ) ਗੁਰ-ਉਪਦੇਸਾਂ ਤੇ ਚੱਲਣ ਦਾ ਉਪਦੇਸ਼ ਕਰਦਾ ਹੈ । ਯਥਾ : ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਇ (੧੪੦) । ਕਿਉਂਕਿ ਸਿਖੀ ਮਾਰਗ ਉੱਤੇ ਪਾਉਣ ਦਾ ਕੰਮ ਪੰਜ ਪਿਆਰੇ ਹੀ ਕਰਦੇ ਹਨ, ਇਸ ਲਈ ਇਹ ਹੁਕਮ ਪੰਚਾਂ ਵਿਚ ਸੇਵਾ ਕਰਨ ਵਾਲਿਆਂ ਉਤੇ ਹੀ ਢੁਕਦਾ ਹੈ ਕਿ ਉਹ ਆਪ ਹਰਿ-ਮਾਰਗ ਤੇ ਚਲਦੇ ਹਨ ਅਤੇ ਹੋਰਨਾਂ ਨੂੰ ਹਰਿ-ਮਾਰਗ ਤੇ ਪਾਉਂਦੇ ਹਨ । ਸੋ ਪੰਚਾਂ ਵਿਚ ਸੇਵਾ ਕਰਨ ਵਾਲੇ ਗੁਰਬਾਣੀ ਅੰਦਰ ਦਰਸਾਏ ਗੁਰੂ ਸਾਹਿਬ ਜੀ ਦੇ ਕਿਸੇ ਹੁਕਮ ਤੋਂ ਭੀ ਘੇਸਲ ਨਹੀਂ ਮਾਰ ਸਕਦੇ ।

ਅੰਮ੍ਰਿਤ ਛਕਣ ਉਪਰੰਤ ਹੀ ਸਤਿਗੁਰੂ ਜੀ ਦਾ ਸਿੱਖ ਅਖਵਾਇਆ ਜਾ ਸਕੀਦਾ ਹੈ । ਸੋਈ ਨਵ-ਸਜੇ ਗੁਰਸਿਖ ਨੂੰ ਗੁਰੂ ਸਾਹਿਬ ਜੀ ਉਸਦਾ ਫ਼ਰਜ਼ ਦੱਸਦੇ ਹਨ । ਯਥਾ ;–

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥...(੩੦੫-੦੬)

ਇਸ ਸ਼ਬਦ ਦੀ ਗਹਿਰਾਈ ਤੱਕ ਜਾਣ ਨਾਲ ਅਨੁਭਵ ਹੁੰਦਾ ਹੈ ਕਿ ਅੰਮ੍ਰਿਤ ਛਕ ਲੈਣ ਨਾਲ ਗੱਲ ਖ਼ਤਮ ਨਹੀਂ ਹੋ ਜਾਂਦੀ, ਗੱਲ ਸਗੋਂ ਸ਼ੁਰੂ ਹੀ ਹੁੰਦੀ ਹੈ । ਅੰਮ੍ਰਿਤ ਛਕਣ ਪਿੱਛੋਂ ਜੇ ਸਿੱਖ ਚਾਹੁੰਦਾ ਹੈ ਕਿ ਮੈਂ ਗੁਰੂ ਨੂੰ ਭਾਵਾਂ (ਚੰਗਾ ਲਗਾਂ) ਤਾਂ ਉਹ ਉਪਰ ਦਰਸਾਏ ਸਭ ਹੁਕਮਾਂ ਤੇ ਪੂਰਾ ਪੂਰਾ ਪਹਿਰਾ ਦੇਵੇ । ਹੁਕਮ ਇਹ ਹਨ :–(੧) ਭਲਕ-ਸਾਰ ਹੁੰਦਿਆਂ ਹੀ ਨਾਮ ਜਪਦਾ ਉੱਠੇ । (੨) ਪੂਰਾ ਇਸ਼ਨਾਨ ਕਰੇ (ਨਾਮ ਜਪਦਾ ਹੋਇਆ) । (੩) (ਇਸ਼ਨਾਨ ਉਪਰੰਤ) ਟਿਕ ਕੇ ਨਾਮ ਜਪੇ । (੪) ਦਿਨ ਦੇ ਚੜ੍ਹਾਅ ਨਾਲ ਗੁਰਬਾਣੀ ਗਾਵੇ । (੫) ਉਠਦਾ ਬੈਠਦਾ (ਕਿਰਤ ਵਿਰਤ ਕਰਦਾ ਫਿਰਦਾ) ਨਾਮ ਜਪੇ । (੬) ਸਾਸਿ ਗਿਰਾਸਿ ਨਾਮ ਧਿਆਵੇ । ਅਜਿਹਾ ਕਰਨ ਵਾਲਾ ਸਿੱਖ ਹੀ ਗੁਰੂ ਨੂੰ ਭਾਉਂਦਾ ਹੈ । ਅਜਿਹੇ ਗੁਰਸਿਖਾਂ ਦੇ ਪੰਚਾਂ ਦੇ ਮਜਮੂਹੇ ਵਿਚ ਹੀ ਗੁਰ-ਪ੍ਰਮੇਸ਼ਰ ਵਰਤਦਾ ਹੈ, ਕਿਉਂਕਿ ਉਹ ਆਪ ਕਹਿੰਦਾ ਹੈ ਕਿ ਇਸ ਤਰ੍ਹਾਂ ਦਾ ਸਿਖ ਮੈਨੂੰ ਭਾਉਂਦਾ ਹੈ । ਜਿਹੜੀ ਗੱਲ ਲੱਭਦੇ ਸਾਂ ਉਹ ਲੱਭ ਪਈ ਹੈ ।



www.AKJ.Org

ਇਸ ਤੋਂ ਤਾਂ ਇਹੀ ਪ੍ਰਤੀਤ ਹੁੰਦਾ ਹੈ ਕਿ ਸਿਖ ਕਹਾਉਣਾ ਅਥਵਾ ਬਣਨਾ ਅਤੀ ਹੀ ਕਠਨ ਹੈ। ਪੰਚਾਂ ਦੀ ਸੇਵਾ ਤਾਂ ਫਿਰ ਇਸ ਤੋਂ ਭੀ ਕਿਤੇ ਵੱਧ ਕਠਨ ਹੋਈ। ਅੰਮ੍ਰਿਤ ਛਕਣ ਬਾਅਦ ਸਿੱਖ ਬਣੇ ਰਹਿ ਸਕਣ ਦੀ ਇਹ ਪਹਿਲੀ ਨਿਸ਼ਾਨੀ ਹੈ ਕਿ ਪੂਰਾ ਅੰਮ੍ਰਿਤ ਵੇਲਾ ਸੰਭਾਲਿਆ ਜਾਏ। ਇਸ ਦੀ ਪ੍ਰੋੜ੍ਹਤਾ ਵਜਹੁ ਗੁਰੂ ਸਾਹਿਬ ਸਪੱਸ਼ਟ ਕਰਦੇ ਹਨ ਕਿ, "ਬਾਬੀਹਾ(ਗੁਰਸਿਖ)ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ" (੧੨੮੫)। ਭਾਵ ਕਿ ਜਿਹੜਾ ਗੁਰਸਿਖ ਅੰਮ੍ਰਿਤ ਵੇਲਾ ਸੰਭਾਲਦਾ ਹੈ ਉਸ ਦਾ ਨਾਮ ਜਪਿਆ (ਪੁਕਾਰ) ਹਰਿ ਦਰਗਹਿ ਸੁਣਾਈ ਦੇਂਦਾ ਹੈ। ਤਾਂ ਤੇ ਕਿਸੇ ਬਹਾਨੇ ਭੀ ਅੰਮ੍ਰਿਤ ਵੇਲੇ ਤੋਂ ਛੋਟ ਨਹੀਂ। ਇਸ ਪੱਖੋਂ ਢਿਲਿਆਈ ਵਰਤਾਣ ਵਾਲੇ ਸਿੱਖ ਦੇ ਭਲੇ ਲਈ, ਗੁਰੂ ਸਾਹਿਬ ਇਸ ਨੂੰ ਝਿੜਕ ਭਰੀ ਚੇਤਾਵਨੀ ਭੀ ਦੇਂਦੇ ਹਨ। ਯਥਾ "ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ......(੧੩੮੩)"। ਅੰਮ੍ਰਿਤ ਵੇਲੇ ਨਾ ਜਾਗਣ ਵਾਲੇ ਨੂੰ ਗੁਰੂ ਸਾਹਿਬ ਜੀ 'ਮੁਰਦਾ' ਕਹਿ ਰਹੇ ਹਨ। ਤਾਂ ਫਿਰ ਇਹ ਗੱਲ ਸਾਫ਼ ਹੈ ਕਿ ਜਿਹੜਾ ਸਿਖ ਪੂਰਾ ਅੰਮ੍ਰਿਤ ਵੇਲਾ ਨਾ ਸੰਭਾਲਣ ਕਾਰਨ ਗੁਰੂ ਜੀ ਦੀ ਖੁਸ਼ੀ ਦਾ ਪਾਤਰ ਨਹੀਂ ਹੈ, ਉਹ ਪੰਜਾਂ ਵਿਚ ਕਿਸ ਹੌਸਲੇ ਨਾਲ ਖੜਾ ਹੋ ਸਕਦਾ ਹੈ? ਅਤੇ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਵੇਲੇ ਦੀ ਸੰਭਾਲ ਬਾਰੇ ਕੀ ਉਪਦੇਸ਼ ਦੇ ਸਕਦਾ ਹੈ?

ਗੁਰੂ ਸਾਹਿਬ ਜੀ ਹੋਰ ਫੁਰਮਾਉਂਦੇ ਹਨ, "ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ (੮੩)" 'ਤਿਸ ਆਗੈ ਮਰਿ ਚਲੀਐ' ਦਾ ਭਾਵ ਹੈ ਕਿ ਜਿਸ ਸਤਿਗੁਰੂ ਨਾਲ ਤੇਰਾ ਨੇਹੁ ਹੈ, ਉਸ ਦੇ ਸਾਹਮਣੇ ਆਪਣੀ ਮੱਤ ਨੂੰ ਸਿਫਰ ਕਰ ਦੇਹ, ਅਤੇ ਗੁਰੂ ਸਾਹਿਬ ਜੀ ਦੇ ਸਭ ਹੁਕਮ, ਬਿਨਾਂ ਕਿਸੇ ਹੀਲ-ਹੁੱਜਤ ਦੇ, ਮੰਨੀ ਚਲਿਆ ਚਲ। ਦੂਸਰੀ ਤੁਕ ਅੰਦਰ 'ਤਾ ਕੈ ਪਾਛੈ' ਦਾ ਭਾਵ ਹੈ ਕਿ ਜੇ ਗੁਰੂ ਸਾਹਿਬ ਜੀ ਦੇ ਹੁਕਮਾਂ ਤੋਂ ਬਾਹਰਾ ਹੋ ਕੇ ਵਿਚਰਨਾ ਹੈ (ਗੁਰੂ ਸਾਹਿਬ ਜੀ ਦਾ ਹੁਕਮ ਨਹੀਂ ਮੰਨਣਾ) ਤਾਂ ਅਜਿਹੇ ਜੀਵਨ ਨੂੰ ਧ੍ਰਿਗਾਕਾਰ ਹੈ। ਇਸ ਹੁਕਮ ਦੀ ਡਾਂਟ, ਅੰਮ੍ਰਿਤ ਵੇਲਾ ਸੌਂ ਕੇ ਗੁਜ਼ਾਰਨ ਵਾਲਿਆਂ ਤੇ ਖ਼ੂਬ ਢੁਕਦੀ ਹੈ।

ਸਿਖ ਧਰਮ ਅੰਦਰ ਕੋਈ ਇਕੱਲਾ ਦੁਕੱਲਾ ਕਿਸੇ ਪ੍ਰਾਣੀ ਨੂੰ ਸਿਖੀ ਮਾਰਗ ਤੇ ਪਾਉਣ ਲਈ ਉਪਦੇਸ਼ ਨਹੀਂ ਦੇ ਸਕਦਾ। ਉਪਦੇਸ਼ ਦੇਣ ਦਾ ਕੰਮ ਕੇਵਲ ਪੰਜਾਂ ਪਿਆਰਿਆਂ ਦੇ ਹੀ ਜ਼ੁੰਮੇ ਹੈ। ਗੁਰਬਾਣੀ ਅੰਦਰ ਦਰਸਾਏ ਸਭ ਹੁਕਮ ਹਰ ਗੁਰਸਿਖ ਦੇ ਮੰਨਣ ਯੋਗ ਹਨ। ਜਿਹੜੇ ਸਿੱਖ, ਆਪ ਗੁਰੂ ਸਾਹਿਬ ਜੀ ਦੇ ਸਭ ਹੁਕਮਾਂ ਤੇ ਨਹੀਂ ਚੱਲਦੇ, ਉਹ ਅੰਮ੍ਰਿਤ-ਅਭਿਲਾਖੀਆਂ ਨੂੰ ਉਪਦੇਸ਼ ਕਰਨ ਦੇ ਯੋਗ ਨਹੀਂ ਹਨ। ਗੁਰੂ ਸਾਹਿਬ ਜੀ ਆਪ ਅਜਿਹਿਆਂ ਸਿੱਖਾਂ ਨੂੰ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣੋਂ ਰੋਕਦੇ ਹਨ। ਜੇ ਉਹ ਫਿਰ ਭੀ ਨਾ ਰੁਕਣ ਤਾਂ ਗੁਰੂ ਸਾਹਿਬ ਜੀ ਉਨ੍ਹਾਂ ਨੂੰ ਇਸ ਹੁਕਮ-ਅਦੂਲੀ ਦੀ ਤਨਖ਼ਾਹ (ਦੰਡ) ਭੀ ਸੁਣਾਉਂਦੇ ਹਨ ਯਥਾ: "ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ (੨੬੭) ॥" ਕਿਉਂਕਿ ਉਪਦੇਸ਼ ਕਰਨ ਦਾ ਕੰਮ ਕੇਵਲ ਪੰਚਾਂ ਨੇ ਹੀ ਕਰਨਾ ਹੈ, ਇਸ ਲਈ ਇਹ ਹੁਕਮ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣ ਵਾਲਿਆਂ ਦੇ ਸਿਰ ਉੱਤੇ ਹੀ ਕੜਕ ਰਿਹਾ ਪ੍ਰਤੀਤ ਹੁੰਦਾ ਹੈ।

ਸਿਖ ਧਰਮ ਅੰਦਰ ਮਨੁੱਖ ਦੀ ਵਡਿਆਈ ਨਹੀਂ ਹੈ, ਕੇਵਲ ਸਿੱਖੀ ਰਹਿਤ ਦੀ ਹੀ ਵਡਿਆਈ ਹੈ। ਸਿੱਖੀ ਰਹਿਤ ਹੀ ਸਿੱਖੀ ਹੈ। ਮਨੁੱਖ ਆਉਂਦੇ ਜਾਂਦੇ ਰਹਿੰਦੇ ਹਨ। ਸਿਖੀ ਰਹਿਤ ਹਮੇਸ਼ਾ ਲਈ ਇਕਸਾਰਤਾ ਸਹਿਤ ਕਾਇਮ ਦਾਇਮ ਹੈ। ਰਹਿਤ ਵਿਚ ਰੱਤੀ ਭਰ ਦੀ ਭੀ ਕੋਈ ਅਦਲਾ-ਬਦਲੀ ਨਹੀਂ ਹੋ ਸਕਦੀ। ਅਤੇ ਨਾ ਹੀ ਆਪਣੀ ਮਰਜ਼ੀ ਚੱਲ ਸਕਦੀ ਹੈ। ਸਭ ਦੇ ਸਿਰ ਤੇ ਗੁਰਬਾਣੀ ਦਾ ਕੁੰਡਾ ਹੈ।

ਪੰਚਾਂ ਦੀ ਸੇਵਾ ਦੀ ਤਰ੍ਹਾਂ, ਕੁਝ ਹੋਰ ਭੀ ਮੁਖੀ ਸੰਗਤੀ-ਸੇਵਾਵਾਂ ਹਨ, ਜਿਹਾ ਕਿ ਕੀਰਤਨ, ਪਾਠ ਦੀ ਰੋਲ, ਅਰਦਾਸ, ਸੱਚੇ ਪਾਤਸ਼ਾਹ ਜੀ ਦੀ ਤਾਬਿਆ ਬੈਠਣ ਦੀ ਸੇਵਾ, ਲੰਗਰ ਦੀ ਸੇਵਾ, ਆਦਿ। ਇਹ ਸਭ



www.AKJ.Org

ਸੇਵਾਵਾਂ ਭੀ ਅਜਿਹੀਆਂ ਹਨ ਕਿ ਇਨ੍ਹਾਂ ਵਿਚ ਭਾਗ ਲੈਣ ਵਾਲੇ ਵਿਅਕਤੀ ਦੇ ਨਿੱਜੀ ਜੀਵਨ ਦਾ ਸੰਗਤਾਂ ਤੇ ਅਸਰ ਪੈਂਦਾ ਹੈ। ਇਸ ਲਈ ਜਿਨ੍ਹਾਂ ਪ੍ਰਾਣੀਆਂ ਨੇ ਆਪਨੀ ਸੋਚ ਅਧੀਨ ਕਿਸੇ ਰਸ-ਕਸ ਨੂੰ ਮੁੱਖ ਰੱਖ ਕੇ, ਕੋਈ ਬੱਜਰ ਕੁਰਹਿਤ ਕਰ ਕੇ, ਭੁੱਲ ਬਖਸ਼ਵਾ ਕੇ ਫਿਰ ਅੰਮ੍ਰਿਤ ਛਕ ਲਿਆ ਹੋਵੇ, ਉਨ੍ਹਾਂ ਨੂੰ ਮੁਖ ਸੇਵਾਵਾਂ ਵਿਚ ਹਿੱਸਾ ਲੈਣ ਤੋਂ ਪੂਰਾ ਸੰਕੋਚ ਕਰਨਾ ਚਾਹੀਦਾ ਹੈ। ਨਹੀਂ ਤਾਂ ਆਮ ਲੋਕੀਂ ਇਨ੍ਹਾਂ ਬਾਰੇ ਇਹੀ ਕਹਿਣਗੇ ਕਿ ਨਾਲੇ ਮਨ-ਮਰਜ਼ੀ ਦਾ ਕੁ-ਕਰਮ ਕਰ ਲਿਆ ਅਤੇ ਨਾਲੇ ਮੁੜ ਚੌਧਰੀ ਦੇ ਚੌਧਰੀ। ਅਜਿਹੇ ਗੰਦਲ ਵਿਅਕਤੀਆਂ ਨੂੰ ਵਿਅਕਤੀਗਤ (individual) ਤੌਰ ਤੇ ਹੀ ਸਿੱਖੀ ਕਮਾਉਣੀ ਚਾਹੀਦੀ ਹੈ, ਮੋਹਰਲੀਆਂ ਸੇਵਾਵਾਂ ਵਿਚ ਨਹੀਂ ਆਉਣਾ ਚਾਹੀਦਾ। ਇਸ ਵਿਚ ਇਨ੍ਹਾਂ ਦਾ ਆਪਣਾ ਹੀ ਭਲਾ ਹੈ।

ਉਪਰਲੀ ਵੀਚਾਰ-ਧਾਰਾ ਤੋਂ ਇਹੋ ਤੱਤ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਕਲਗੀਧਰ ਪਾਤਸ਼ਾਹ ਜੀ ਦਾ ਬਖਸ਼ਿਸ਼ ਭਰਿਆ ਹੱਥ ਉਨ੍ਹਾਂ ਪੰਜਾਂ ਦੇ ਸੀਸ ਤੇ ਹੀ ਹੁੰਦਾ ਹੈ ਜਿਹੜੇ ਗੁਰੂ ਸਾਹਿਬ ਜੀ ਦੇ ਸਭ ਹੁਕਮਾਂ ਨੂੰ ਫੁੱਲ ਚੜ੍ਹਾਉਂਦੇ ਹਨ। ਅਜਿਹੇ ਗੁਰਸਿੱਖਾਂ ਦਾ ਖਾਣਾ-ਪੀਣਾ, ਸੌਣਾ-ਜਾਗਣਾ, ਮਿਲਣਾ-ਵਰਤਣਾ, ਸੁਨਣਾ-ਪੇਖਣਾ, ਉਠਣਾ-ਬੈਠਣਾ, ਸਾਂਸਿ-ਸਾਸਿ ਨਾਮ ਜਪਣਾ, ਨਿਰਪੱਖ ਹੋ ਕੇ ਵਿਚਰਨਾ, ਭਾਵ ਕਿ ਜੀਵਨ ਦਾ ਹਰ ਪਹਿਲੂ ਗੁਰਬਾਣੀ ਅਨੁਸਾਰ ਨਿਭ ਰਿਹਾ ਹੁੰਦਾ ਹੈ। ਅਜਿਹੇ ਗੁਰਸਿੱਖਾਂ ਨੂੰ ਕੇਵਲ ਸਤਿਗੁਰੂ ਜੀ ਦੀ ਹੀ ਵਡਿਆਈ ਭਾਉਂਦੀ ਹੈ, ਕਿਸੇ ਧੜੇ ਜਾਂ ਕਿਸੇ ਮਨੁਖ ਦੀ ਨਹੀਂ। ਅਜਿਹੇ ਗੁਰਸਿੱਖਾਂ ਦੀ ਸੰਗਤਿ ਹੀ ਇੱਕੀ ਵਿਸਵੇ ਕਹਿਲਾਏਗੀ। ਸਾਹਿਬ ਆਪ ਫੁਰਮਾਉਂਦੇ ਹਨ, "ਸਤ ਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ (੭੨)॥" ਸੰਗਤਿ ਬਾਰੇ ਸਾਹਿਬਾਂ ਨੇ ਆਪ ਹੀ ਫ਼ੈਸਲਾ ਸੁਣਾ ਦਿੱਤਾ ਹੈ। ਏਕੋ ਨਾਮ ਓਹੋ ਹੀ ਵਖਾਨਣਗੇ ਜਿਨ੍ਹਾਂ ਦਾ ਜੀਵਨ ਇੰਨ ਬਿੰਨ ਗੁਰਬਾਣੀ ਦੇ ਆਸ਼ੇ ਅਨੁਸਾਰ ਹੋਏਗਾ।

ਵਾਧ ਘਾਟ ਵਲੋਂ ਸੰਗਤਾਂ ਪਾਸੋਂ ਖਿਮਾਂ ਦਾ ਜਾਚਕ : ਰਾਮ ਸਿੰਘ

---

(ਸਫਾ ੧੪ ਦੀ ਬਾਕੀ)

ਨੇ ਇਕ ਹਰਮੋਨੀਅਮ ਵਾਜਾ ਵੀ ਭਾਈ ਅਮਰੀਕ ਸਿੰਘ ਜੀ ਦੀ ਭੇਟ ਕੀਤਾ ਹੋਇਆ ਹੈ ਕਿ ਜਿਸਨੂੰ ਤੁਸੀਂ ਕੀਰਤਨ ਸਿਖਾਉ, ਏਸੇ ਵਾਜੇ ਤੇ ਹੀ ਸਿਖਾਣਾ। ਅਜ ਵੀ ਉਹਨਾਂ ਦੀ ਇਹ ਯਾਦ, ਵਾਜੇ ਦੀ ਸ਼ਕਲ ਵਿਚ, ਭਾਈ ਸਾਹਿਬ ਦੇ ਕਮਰੇ ਵਿਚ ਸੁਭਾਇਮਾਨ ਹੈ। ਆਪ ਜੀ ਦੱਸਦੇ ਹਨ ਕਿ ਅਜ ਵੀ ਜਦੋਂ ਮੈਂ ਕਿਸੇ ਨੂੰ ਕੋਈ ਸ਼ਬਦ ਸਿਖਾਂਦਾ ਹਾਂ ਤਾਂ ਮੈਨੂੰ ਡਾਕਟਰ ਜੀ ਦੀ ਯਾਦ ਮੁੜ ਤੋਂ ਤਾਜ਼ਾ ਹੋ ਜਾਂਦੀ ਹੈ। (ਚਲਦਾ)

---

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ(ਸਚਿਤ੍ਰ) | ੨-੫੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਰਹਿਤ ਮਰਯਾਦਾ ਅੰਕ | ੨-੦੦ | ਗੁਰਬਾਣੀ ਦੀ ਪਾਰਸ ਕਲਾ ,, | ੦-੭੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੪੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| HAIR—A Divine gift | 0-40 | ਗੁਰ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| Dawn of Divine Wisdom | 0-75 | ਗੁਰਮਤਿ ਅਨਹਦ ਸ਼ਬਦ ,, | ੦-੪੫ |

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਰੰਗਲੇ ਸਜਣ | ੭-੦੦ | ਜੇਲ੍ਹ ਚਿਠੀਆਂ | ੧੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਅਣਡਿਠੀ ਦੁਨੀਆ | ੧੦-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ ? | ੩-੭੫ | ਸਚਖੰਡ ਦਰਸ਼ਨ | ੧-੭੫ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਅੰਮ੍ਰਿਤ ਕੀ ਹੈ ? | ੧-੦੦ |
| ਨਾਮ ਸੰਬੰਧੀ ਵਿਚਾਰ | ੦-੯੦ | ਸੁਪਨਾ ੦-੪੦ ਵਾਹਿਗੁਰੂ ਸਿਮਰਨ | ੦-੫੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |

www.AKJ.Org

# ਜੀਵਨ-ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ

੪

[ਲੜੀ ਜੋੜਨ ਲਈ ਦੇਖੋ 'ਸੂਰਾ', ਨਵੰਬਰ ੧੯੮੩]

ਭਾਵੇਂ ਸਰੀਰਕ ਤੌਰ ਤੇ ਡਾਕਟਰ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੋਂ ਸੈਂਕੜੇ ਕੋਹਾਂ ਤੇ ਬੈਠੇ ਸਨ, ਪਰ ਮਾਨਸਿਕ ਤੌਰ ਤੇ ਉਨ੍ਹਾਂ ਦਾ ਅੰਦਰਲਾ ਅਠੇ ਪਹਿਰ ਭਾਈ ਸਾਹਿਬ ਦੇ ਸੰਗ ਸਾਥ ਹੀ ਅਨੰਦ ਮਾਣਦਾ ਰਹਿੰਦਾ। ਕੁਮਾਰ ਹੱਟੀ ਦੀ ਪ੍ਰੇਮ-ਮਿਲਣੀ ਬੰਬੇ ਵਿਚਰਦੇ ਡਾਕਟਰ ਜੀ ਨੂੰ ਮੁੜ ਮੁੜ ਟੁੰਬਦੀ ਅਤੇ ਇਹੋ ਲੋਚਦੇ ਕਿ ਜਿਵੇਂ ਕਿਵੇਂ ਹੋਵੇ, ਭਾਈ ਸਾਹਿਬ ਦੀ ਸੇਵਾ ਵਿਚ ਹੀ ਜਾ ਕੇ ਟਿਕਿਆ ਜਾਵੇ। ਇਸ ਵੈਰਾਗੀ ਦਸ਼ਾ ਨੇ ਆਪ ਨੂੰ ਸਰਵਿਸ ਤੋਂ ਤਿਆਗ-ਪੱਤਰ ਦੇਣ ਲਈ ਮਜਬੂਰ ਕਰ ਦਿਤਾ। ਉਨ੍ਹਾਂ ਦੇ ਅੰਦਰ ਕਾਹਲੀਆਂ ਪੈਂਦੀਆਂ ਕਿ ਕਿਹੜਾ ਵੇਲਾ ਹੋਵੇ ਜੁ ਧੰਧ-ਬੰਧ ਤੋਂ ਵਿਰੱਕਤ ਹੋ ਕੇ ਭਾਈ ਸਾਹਿਬ ਜੀ ਦੀ ਵੱਡਮੁਲੀ ਸੰਗਤ ਦਾ ਅਨੰਦ ਮਾਣ ਸਕੀਏ।

ਇਨ੍ਹਾਂ ਪ੍ਰੇਮ-ਕਾਂਗਾਂ ਦੀ ਖਿਚ ਨੇ ਲੁਧਿਆਣੇ ਵਿਚ ਰੰਗ-ਰਸ ਮਾਣ ਰਹੇ ਭਾਈ ਸਾਹਿਬ ਜੀ ਨੂੰ ਜਾ ਟੁੰਬਿਆ। ਡਾਕਟਰ ਜੀ ਦੀ ਸਾਰੀ ਵਾਇਰਲੈਸ ਉਨ੍ਹਾਂ ਦੇ ਪ੍ਰਤੱਖ ਹੋ ਗਈ। ਭਾਈ ਸਾਹਿਬ ਜੀ ਨੇ ਬੰਬਈ ਰਹਿ ਰਹੇ ਸਿੰਘਾਂ ਨੂੰ ਲਿਖਿਆ ਕਿ ਉਹ ਸੁਰਿੰਦਰ ਸਿੰਘ ਜੀ ਨੂੰ ਨੌਕਰੀ ਨਾਂ ਛੱਡਣ ਵਾਸਤੇ ਕਹਿਣ ਅਤੇ ਪਿਆਰ ਨਾਲ ਉਸਦਾ ਦਿਲ ਲਾਉਣ ਵਿਚ ਮਦਦ ਕਰਨ। ਪਰ ਇਧਰ ਬੈਰਾਗੀ ਨੂੰ ਕੌਣ ਹੋੜੇ! ਸਿੰਘਾਂ ਦੇ ਸਮਝਾਂਦਿਆਂ-ਬੁਝਾਂਦਿਆਂ ਵੀ ਡਾਕਟਰ ਜੀ ਨੇ ਆਪਣਾ ਅਸਤੀਫ਼ਾ ਦੇ ਦਿਤਾ ਅਤੇ ਕੁਝ ਦਿਨਾਂ ਬਾਅਦ ਹੀ ਪੰਜਾਬ ਨੂੰ ਚਾਲੇ ਪਾ ਦਿਤੇ।

ਆਪ ਜੀ ਸਿਧੇ ਭਾਈ ਸਾਹਿਬ ਪਾਸ ਲੁਧਿਆਣੇ ਆਏ ਅਤੇ ਇਥੇ ਹੀ ਕੁਝ ਸਮਾਂ ਰੁਕੇ। ਇਥੇ ਰੁਕੇ ਕੀ, ਬਸ ਐਸੇ ਜੁੜੇ, ਕਿ ਜੁੜ ਕੇ ਇਕ-ਮਿਕ ਹੋ ਗਏ। ਗੁਰਮਤਿ ਇਕ, ਆਸ਼ਾ ਇਕ, ਇਸ਼ਟ ਉਪਾਸ਼ਨਾ ਇਕ, ਇਕੋ ਹੀ ਮਾਰਗ ਦੇ ਪਾਂਧੀ, ਇਕੋ ਹੀ ਇਸ਼ਕ ਹਕੀਕੀ ਦੇ ਆਸ਼ਕ, ਕੈਸੇ ਇਕੱਠੇ ਹੋਏ, ਕੈਸੇ ਅਗੰਮੀ ਮੇਲ-ਮਿਲਾਉਣੀ ਵਿਚ ਮਿਲੇ ਕਿ ਬਸ ਫਿਰ ਮਿਲੇ ਹੀ ਰਹੇ। ਡਾਕਟਰ ਜੀ ਨੇ ਐਸੀ ਪੀਡੀ ਗੰਢ ਪਾਈ ਕਿ ਸਦਾ ਹੀ ਭਾਈ ਸਾਹਿਬ ਜੀ ਦੇ ਸੰਗ ਰਹਾਏ। ਇਸ ਤੋਂ ਬਾਅਦ ਜਿਤਨੇ ਵੀ ਸਤਸੰਗ ਸਮਾਗਮ ਜੁੜੇ, ਤਿਨ੍ਹਾਂ ਵਿਚ ਡਾਕਟਰ ਜੀ ਖ਼ਾਸ ਸਮਾਗਮੀਆਂ ਵਿਚੋਂ ਇਕ ਹੁੰਦੇ। ਜੁਬਾ ਅਵਸਥਾ, ਦਗ ਦਗ ਕਰਦਾ ਚਿਹਰਾ, ਅਜੇ ਦਾੜ੍ਹਾ ਮਸਾਂ ਉਤਰ ਹੀ ਰਿਹਾ ਸੀ, ਪਰ ਪ੍ਰੇਮ ਦਾ ਪਲੀਤਾ ਡਾਕਟਰ ਜੀ ਦੇ ਅੰਦਰ ਐਸਾ ਦੱਗਿਆ ਕਿ ਅੱਠੇ ਪਹਿਰ ਪ੍ਰੇਮ-ਕਾਂਗਾਂ ਵਿਚ ਅਰਸ਼ੀ ਵਾਯੂ-ਮੰਡਲ ਵਿਚ ਹੀ ਉਡਾਰੀਆਂ ਮਾਰਦੇ ਰਹਿੰਦੇ। ਸਮਾਗਮਾਂ ਅਤੇ ਭਾਈ ਸਾਹਿਬ ਜੀ ਦੀ ਸੰਗਤ ਦੀ ਰੰਗਤ ਵਿਚ ਰਹਿ ਕੇ ਘਰ ਜਾਣ ਦੀ, ਸੰਸਾਰੀ ਪ੍ਰਵਾਰ ਕੁਟੰਬ ਵਿਚ ਰਹਿਣ ਦੀ ਸੁਰਤ-ਸੰਭਾਲ ਹੀ ਨਾ ਰਹੀ। ਭਾਈ ਸਾਹਿਬ ਜੀ ਦੀ ਸੰਗਤ ਦਾ ਡਾਕਟਰ ਜੀ ਦੇ ਜੀਵਨ ਤੇ ਐਸਾ ਰੰਗ ਚੜ੍ਹਿਆ ਕਿ ਗੁਰੂ ਦਸਮੇਸ਼-ਦ੍ਰਿੜ੍ਹਾਈ ਰਹਿਤ-ਰਹਿਣੀ ਅਤੇ ਗੁਰਮਤਿ ਉਨ੍ਹਾਂ ਦੇ ਅੰਦਰ ਘਰ ਕਰ ਗਈ! ਉਨ੍ਹਾਂ ਨੇ ਜਲਦੀ ਹੀ ਸਰਬ ਲੋਹ ਸਹਿਤ ਸਭ ਗੁਰਮਤਿ-ਤੱਤ-ਅਸੂਲ ਗ੍ਰਹਿਣ ਕਰ ਲਏ। ਇਸ ਚੜ੍ਹਦੀ ਜਵਾਨੀ ਦੀ ਨਿਕੜੀ ਜਿਹੀ ਆਰਬਲਾ ਵਿਚ ਹੀ ਗੁਰਮਤਿ ਦੇ ਅਤਿ ਵਡੇਰੜੇ ਗੁਣ ਜਿਵੇਂ ਅਜ਼ਲ ਤੋਂ ਹੀ ਇਹਨਾਂ ਦੀ ਕ੍ਰਾਂਤੀ ਵਿਚ ਆ ਸਮਾਏ ਸਨ। ਇਨ੍ਹਾਂ ਸਤਿਸੰਗਾਂ ਚੋਂ ਹੀ ਆਪ ਗੁਰਮਤਿ ਨਾਮ-ਅਭਿਆਸ ਦੇ ਡਾਢੇ ਧਨੀ ਹੋਏ। ਆਤਮ-ਕਣੀ ਤਾਂ ਇਹਨਾਂ ਦੀ ਨੰਨ੍ਹੀ ਜਿਹੀ ਜਿੰਦੜੀ ਦੇ ਰਗੋ-ਰੇਸ਼ੇ ਵਿਚ ਸਮਾ ਗਈ। ਸਾਰਾ ਸਾਰਾ ਦਿਨ ਲੰਗਰ ਦੀ ਸੇਵਾ ਕਰਨੀ, ਕਿਤੇ ਅਕਣਾ ਬਕਣਾ ਹੀ ਨਾ। ਭਾਈ ਸਾਹਿਬ ਜੀ ਪਾਸ ਰਹਿੰਦਿਆਂ ਇਹਨਾਂ ਦਾ ਰਹਿਣ ਬਿਲਕੁਲ ਅਲੌਕਿਕ ਸੀ। ਕਿਸੇ ਨਾਲ ਕੋਈ ਗੱਲ ਨਹੀਂ, ਵਾਦ-ਵਿਵਾਦ ਨਹੀਂ ਅਤੇ ਨਾ ਹੀ ਕਿਸੇ ਨਾਲ ਕੋਈ ਵਾਸਤਾ ਸੀ। ਕੇਵਲ ਇਕੋ ਲਿਵ ਪ੍ਰਮਾਰਥਕ ਪ੍ਰੇਮ ਦੀ ਹਰਦਮ



www.AKJ.Org

ਲਗੀ ਰਹਿੰਦੀ।

ਡਾਕਟਰ ਜੀ ਹੋਰਾਂ ਦੀ ਜ਼ਮੀਨ ਜਾਇਦਾਦ ਕਾਫ਼ੀ ਸੀ, ਪਰ ਆਪ ਜੀ ਆਪਣੇ ਨਿਜੀ ਗੁਜ਼ਾਰੇ ਲਈ ਨਿਰਬਾਹ ਮਾਤਰ ਉਥੋਂ ਮਾਇਆ ਲਿਆ ਕਰਦੇ, ਬਾਕੀ ਲੋੜਵੰਦਾਂ ਵਿਚ ਦੇ ਛਡਦੇ, ਜਾਂ ਦਵਾਈਆਂ ਆਦਿ ਤੇ ਖ਼ਰਚ ਕਰ ਕੇ ਸਿੰਘਾਂ ਦੀ ਸੇਵਾ ਕਰਦੇ। ਆਪ ਜੀ ਭਾਈ ਸਾਹਿਬ ਜੀ ਪਾਸ ਟਿਕੇ ਹੋਏ ਹੀ ਸਨ ਕਿ ਕੁਰਾਲੀ ਜਾਣ ਦੀ ਬਿਧ ਬਣ ਗਈ।

## ਕੁਰਾਲੀ ਵਿਖੇ ਕੀਰਤਨ ਸਿਖਣਾ–

੧੯੫੩ ਈ: ਦੇ ਲਗ ਪਗ ਦੀ ਗੱਲ ਹੈ। ਇਹਨਾਂ ਦਿਨਾਂ ਵਿਚ ਭਾਈ ਅਮਰੀਕ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਕੁਰਾਲੀ ਆਪਣੇ ਪਿੰਡ ਵਿਖੇ ਠਹਿਰੇ ਹੋਏ ਸਨ । ਇਹਨਾਂ ਨੇ ਆਪਣੇ ਘਰ ਵਿਚ ਹੀ ਭੇਟਾ-ਰਹਿਤ ਕੀਰਤਨ-ਸਿਖਲਾਈ ਕੇਂਦਰ ਖੋਲ੍ਹਿਆ ਹੋਇਆ ਸੀ । ੧੦–੧੫ ਬੱਚੇ ਬੱਚੀਆਂ ਇਹਨਾਂ ਪਾਸ ਕੀਰਤਨ ਸਿਖਿਆ ਕਰਦੇ ਸਨ।

ਕੁਰਾਲੀ ਵਿਖੇ ਡਾਕਟਰ ਜੀ ਦੀ ਰਿਸ਼ਤੇਦਾਰੀ ਚੋਂ ਭੈਣ ਰਿਹਾ ਕਰਦੀ ਸੀ ਅਤੇ ਉਸਦਾ ਡਾਕਟਰ ਜੀ ਨਾਲ ਡੂੰਘਾ ਪਿਆਰ ਸੀ। ਡਾਕਟਰ ਜੀ ਪਾਸੋਂ ਕਈ ਵੇਰਾਂ ਸੁਣਨ ਚਿ ਆਉਂਦਾ ਸੀ ਕਿ ਜੀਵਨ ਭਰ ਜਦੋਂ ਕਦੀ ਵੀ ਦੁਨਿਆਵੀ ਰੌਲੇ-ਗੌਲੇ ਤੋਂ ਉਦਾਸ ਹੋ ਜਾਣ ਤਾਂ ਉਹ ਕੁਰਾਲੀ ਆਪਣੀ ਭੈਣ ਪਾਸ ਚਲੇ ਜਾਂਦੇ। ਕਿਹਾ ਕਰਦੇ ਸਨ ਕਿ ਜਦੋਂ ਮੈਂ ਆਪਣੀ ਭੈਣ ਜੀ ਪਾਸ ਜਾਂਦਾ ਹਾਂ ਤਾਂ ਉਹਨਾਂ ਦੇ ਪਿਆਰ ਸਦਕਾ ਮੈਨੂੰ ਸਾਰੇ ਸੰਸਾਰੀ ਦੁਖ ਭੁਲ ਜਾਂਦੇ। ਇਹਨਾਂ ਦੀ ਭੈਣ ਦੇ ਸਿੰਘ ਸਾਹਿਬ ਸ: ਗੁਰਇਕਬਾਲ ਸਿੰਘ ਤੇ ਉਹਨਾਂ ਦੇ ਵੱਡੇ ਵੀਰ ਸ: ਗੁਰਦਿਆਲ ਸਿੰਘ ਪਾਸ ਜ਼ਮੀਨ ਜਾਇਦਾਦ ਦਾ ਕੋਈ ਤੋਟਾ ਨਹੀਂ ਸੀ। ਵਾਹਿਗੁਰੂ ਪਿਤਾ ਦੀ ਦਿਤੀ ਮਾਇਆ ਦੇ ਨਾਲ ਨਾਲ ਉਦਾਰ-ਚਿੱਤ ਹੋਣ ਕਰਕੇ ਪੂਰੇ ਇਲਾਕੇ ਵਿਚ ਬੜੇ ਸਤਿਕਾਰੇ ਜਾਂਦੇ ਸਨ। ਜਦੋਂ ਕਿਤੇ ਗੁਰਸਿਖ ਸੰਗਤਾਂ ਨੇ ਕੁਰਾਲੀ ਠਹਿਰਨਾ ਹੁੰਦਾ ਤਾਂ ਸਾਰਾ ਪ੍ਰਬੰਧ ਇਹਨਾਂ ਦੇ ਖਰਚੇ ਤੇ ਹੁੰਦਾ। ਹਰ ਦੁਖੀਏ ਅਤੇ ਲੋੜਵੰਦ ਲਈ ਇਨ੍ਹਾਂ ਦੇ ਦਰ ਖੁਲ੍ਹੇ ਰਹਿੰਦੇ। ਇਕ ਵੱਡੀ ਸਾਰੀ ਸਰਾਂ, ਨਾਲ ਲਗਦਾ ਲੰਗਰ ਹੁਣ ਵੀ ਉਸੇ ਤਰ੍ਹਾਂ ਹੀ ਚਲਦਾ ਰਹਿੰਦਾ ਹੈ। ਏਨਾ ਕੁਝ ਕਰਦਿਆਂ ਵੀ ਇਹਨਾਂ ਵੀਰਾਂ ਦੇ ਮਨਾਂ ਵਿਚ ਇਹ ਹਉਮੈ-ਅਹੰਕਾਰ ਕਦੇ ਨਹੀਂ ਆਇਆ ਕਿ ਅਸੀਂ ਇਤਨੀ ਵੱਡੀ ਸੇਵਾ ਕਰ ਰਹੇ ਹਾਂ।

ਇਹੋ ਜਿਹੇ ਸੁਖਾਵੇਂ, ਹਉਮੈ-ਰਹਿਤ ਮਾਹੌਲ ਵਿਚ ਜਦੋਂ ਪਹਿਲੀ ਵਾਰ ਡਾਕਟਰ ਜੀ ਪੁਜੇ ਤਾਂ ਉਥੇ ਕੁਝ ਸਮਾਂ ਠਹਿਰਨ ਲਈ ਜੀਅ ਚਾਹਿਆ। ਅਜੇ ਕੁਝ ਦਿਨ ਹੀ ਹੋਏ ਸਨ ਕਿ ਇਕ ਦਿਨ ਕੁਦਰਤੀ ਬਣੀ ਬਿਧ ਅਨੁਸਾਰ ਭਾਈ ਅਮਰੀਕ ਸਿੰਘ ਜੀ ਉਸ ਗ੍ਰਹਿ ਵਿਖੇ ਆ ਪੁਜੇ। ਸ: ਗੁਰਇਕਬਾਲ ਸਿੰਘ, ਭਾਈ ਅਮਰੀਕ ਸਿੰਘ ਜੀ ਨਾਲ ਬਹੁਤ ਪਿਆਰ ਕਰਦੇ ਸਨ, ਕਿਉਂਕਿ ਇਕ ਤਾਂ ਭਾਈ ਸਾਹਿਬ ਬਚਪਨ ਤੋਂ ਹੀ ਨੇਤ੍ਰਹੀਣ ਸਨ ਅਤੇ ਦੂਜੇ ਇਕ ਉਚ-ਕੋਟੀ ਦੇ ਗੰਧਰਬ ਰਾਗੀ ਸਨ। ਭਾਈ ਅਮਰੀਕ ਸਿੰਘ ਜੀ ਦੇ ਬਚਪਨ ਦਾ ਹਰ ਮੋੜ ਵੀ ਇਸੇ ਪਰਵਾਰ ਦੀ ਹੀ ਬਖਸ਼ਸ਼ ਸੀ। ਜਦੋਂ ਭਾਈ ਅਮਰੀਕ ਸਿੰਘ ਜੀ ਘਰੋਂ ਹੋ ਕੇ ਚਲੇ ਗਏ ਤਾਂ ਡਾਕਟਰ ਜੀ ਨੇ ਆਪਣੀ ਭੈਣ ਜੀ ਨੂੰ ਪੁਛਿਆ ਕਿ ਇਹ ਕੌਣ ਹਨ ਅਤੇ ਇਥੇ ਕੀ ਕਰਦੇ ਹਨ ? ਭੈਣ ਜੀ ਦੇ ਇਹ ਦੱਸਣ ਤੇ ਕਿ ਇਹ ਇਥੇ ਕੀਰਤਨ ਸਿਖਾਂਦੇ ਹਨ ਤਾਂ ਡਾਕਟਰ ਜੀ ਨੇ ਭੈਣ ਜੀ ਨੂੰ ਕਿਹਾ ਕਿ ਕੀ ਇਹ ਮੈਨੂੰ ਵੀ ਕੀਰਤਨ ਸਿਖਾ ਦੇਣਗੇ ? "ਕਿਉਂ ਨਹੀਂ, ਇਹ ਤਾਂ ਸਾਡੇ ਘਰ ਦੇ ਬਚਿਆਂ ਦੀ ਤਰ੍ਹਾਂ ਹਨ। ਤੁਹਾਨੂੰ ਕੀਰਤਨ ਕਿਉਂ ਨਹੀਂ ਸਿਖਾਉਣਗੇ ?" ਭੈਣ ਜੀ ਨੇ ਕਿਹਾ।

ਅਉਸਰ ਆਏ ਬਣੇ। ਦੂਜੀ ਸਵੇਰ ਤੋਂ ਹੀ ਡਾਕਟਰ ਜੀ ਕੀਰਤਨ ਸਿਖਣਹਾਰਿਆਂ ਦੀ ਕਤਾਰ ਵਿਚ ਦਿਖਾਈ ਦੇ ਰਹੇ ਸਨ। ਆਪ ਜੀ ਛੇਤੀ ਹੀ ਸਰਗਮਾਂ ਸਿਖ ਕੇ ਉਨ੍ਹਾਂ ਵਿਚ ਮਾਹਰ ਹੋ ਗਏ। ਭਾਈ ਅਮਰੀਕ ਸਿੰਘ ਜੀ ਆਪਣੀ ਜ਼ਬਾਨੀ ਦੱਸਦੇ ਹਨ ਕਿ ਜਦੋਂ ਡਾਕਟਰ ਜੀ ਉਹਨਾਂ ਪਾਸ ਪੁਜੇ ਤਾਂ ਉਨ੍ਹਾਂ ਦੀ



www.AKJ.Org

ਨਿਰਮਲ ਤੇ ਉਚੀ ਆਤਮਾ ਦਾ ਬੜਾ ਡੂੰਘਾ ਪ੍ਰਭਾਵ ਉਹਨਾਂ ਦੇ ਮਨ ਤੇ ਪਿਆ । ਕੀਰਤਨ ਸਿਖਣ ਦੇ ਦੌਰਾਨ ਇਕ ਦਿਨ ਭਾਈ ਸਾਹਿਬ ਜੀ ਨੇ ਸਿਖਿਆਰਥੀਆਂ ਨੂੰ ਇਕ ਸ਼ਬਦ ਦੀ ਖੋਜ ਕਰ ਕੇ ਲਿਆਉਣ ਬਾਰੇ ਕਿਹਾ। ਡਾਕਟਰ ਜੀ ਨੇ ਸਹਿਜੇ ਹੀ ਸ਼ਬਦ ਲੱਭ ਕੇ ਲਿਆਉਣ ਦੀ ਪ੍ਰਵਾਨਗੀ ਦੇ ਦਿਤੀ। ਦੂਜੇ ਦਿਨ ਡਾਕਟਰ ਜੀ ਨੇ ਉਹ ਸ਼ਬਦ ਲਭ ਲਿਆਂਦਾ। ਨਾਲ ਹੀ ਅੰਮ੍ਰਿਤ-ਕੀਰਤਨ ਪੋਥੀ ਦੀ ਪਹਿਲੀ ਐਡੀਸ਼ਨ ਭਾਈ ਸਾਹਿਬ ਦੀ ਭੇਟਾ ਕਰ ਦਿਤੀ ਅਤੇ ਕਿਹਾ ਕਿ ਆਪ ਜੀ ਨੂੰ ਸ਼ਬਦ ਕੰਠ ਕਰਨ ਵਿਚ ਬਹੁਤ ਖੇਚਲ ਹੁੰਦੀ ਹੋਵੇਗੀ, ਇਸ ਲਈ ਇਹ ਤੁਸੀਂ ਆਪਣੇ ਪਾਸ ਹੀ ਰੱਖੋ । ਇਹ ਅੰਮ੍ਰਿਤ ਕੀਰਤਨ ਪੋਥੀ, ਡਾਕਟਰ ਜੀ ਦੀ ਭੇਟਾ, ਅਜੇ ਤਕ ਭਾਈ ਅਮਰੀਕ ਸਿੰਘ ਜੀ ਪਾਸ ਹੀਰੇ ਵੱਤ ਸੰਭਾਲ ਕੇ ਰੱਖੀ ਹੋਈ ਹੈ। ਜਦੋਂ ਕਦੇ ਵੀ ਕਿਸੇ ਪ੍ਰੇਮੀ ਨੇ ਇਸ ਪੋਥੀ ਦੀ ਭਾਈ ਸਾਹਿਬ ਪਾਸੋਂ ਮੰਗ ਕਰਨੀ ਤਾਂ ਆਪ ਨੇ ਇਹ ਕਹਿ ਕੇ ਟਾਲ ਦੇਣਾ ਕਿ ਇਹ ਤਾਂ ਮੇਰੇ ਪਾਸ ਇਕ ਮਹਾਂਪੁਰਸ਼ ਦੀ ਨਿਸ਼ਾਨੀ ਵਜੋਂ ਹੈ। ਭਾਈ ਅਮਰੀਕ ਸਿੰਘ ਜੀ ਉਪਰੋਕਤ ਵਾਰਤਾ ਸੁਣਾਉਂਦਿਆਂ ਡਾਢੇ ਵੈਰਾਗ ਵਿਚ ਆ ਗਏ। ਉਹ ਕਹਿੰਦੇ ਹਨ ਕਿ ਮੇਰੇ ਧੰਨ ਭਾਗ ਹਨ ਜੁ ਮੈਨੂੰ ਇਹੋ ਜਿਹੇ ਮਹਾਂਪੁਰਸ਼ਾਂ ਨੂੰ ਕੀਰਤਨ ਸਿਖਾਉਣ ਦਾ ਸੁਭਾਗ ਮਿਲਿਆ ।

ਸਰਗਮਾਂ ਸਿਖਣ ਤੋਂ ਬਾਅਦ ਡਾਕਟਰ ਜੀ ਨੇ ਪਹਿਲਾ ਸ਼ਬਦ ਜੋ ਸਿਖਿਆ ਉਹ ਸੀ—

"ਦਰਸਨੁ ਦੇਖਿ ਜੀਵਾ ਗੁਰ ਤੇਰਾ" ॥ (ਪੰਨਾ ੬੪੧)।

ਫਿਰ—"ਚਰਨ ਕਮਲ ਕੀ ਆਸ ਪਿਆਰੇ" ॥ (ਪੰਨਾ ੩੮੯),

"ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥" (ਪੰਨਾ ੭੭੯) ਆਦਿ ਸ਼ਬਦ ਸਿਖਣ ਦਾ ਸੁਭਾਗ ਬਣਿਆ।

ਭਾਈ ਅਮਰੀਕ ਸਿੰਘ ਜੀ ਦੱਸਦੇ ਹਨ ਕਿ ਉਹਨਾਂ ਦੀਆਂ ਕੁਝ ਪਵਿਤਰ ਯਾਦਾਂ ਮੇਰੇ ਹਿਰਦੇ ਤੇ ਉਕਰੀਆਂ ਹੋਈਆਂ ਹਨ । ਜਿਵੇਂ, ਡਾਕਟਰ ਜੀ ਬਹੁਤ ਘਟ ਅਤੇ ਬੜੀ ਹੌਲੀ ਬੋਲਿਆ ਕਰਦੇ ਸਨ । ਇਕ ਦਿਨ ਸ਼ਬਦ ਸਿਖਾਂਦਿਆਂ ਦਾਸ ਨੇ ਬੇਨਤੀ ਕੀਤੀ, "ਗੁਰੂ ਕੇ ਲਾਲ ਜੀ, ਜ਼ਰਾ ਉਚੀ ਆਵਾਜ਼ ਵਿਚ ਸ਼ਬਦ ਦਾ ਉਚਾਰਨ ਕਰਿਆ ਕਰੋ ।" ਤਾਂ ਕਹਿਣ ਲਗੇ, "ਭਾਈ ਸਾਹਿਬ, ਮੈਂ ਕਿਹੜਾ ਕੀਰਤਨ ਕਿਸੇ ਨੂੰ ਸੁਨਾਣਾ ਹੈ। ਮੈਂ ਤਾਂ ਸਿਰਫ਼ ਆਪਣੇ ਆਪ ਨੂੰ ਸੁਨਾਉਣ ਲਈ ਕੀਰਤਨ ਸਿਖਦਾ ਹਾਂ।" ਭਾਈ ਸਾਹਿਬ ਦੱਸਦੇ ਹਨ ਕਿ "ਐਡਾ ਰਹੱਸਮਈ ਜਵਾਬ ਸੁਣ ਕੇ ਮੈਨੂੰ ਇਕ ਝੁਣਝੁਣੀ ਜਿਹੀ ਆਈ ਕਿ ਕਮਾਲ ਹੈ! ਕਿਡੀ ਉਚੀ ਆਤਮਾ ਹੈ ਇਹਨਾਂ ਦੀ।"

ਇਕ ਹੋਰ ਘਟਨਾ ਡਾਕਟਰ ਜੀ ਦੀ ਇਸੇ ਭੈਣ ਦੇ ਲੜਕੇ ਗੁਰਜਸਪਾਲ ਸਿੰਘ ਜੀ ਨੇ ਇਉਂ ਸੁਣਾਈ, "ਜਦੋਂ ਡਾਕਟਰ ਜੀ ਕੁਰਾਲੀ ਰਹਿੰਦੇ ਸਨ ਤਾਂ ਇਥੋਂ ਤੁਰ ਕੇ ਹੀ ਚਮਕੌਰ ਸਾਹਿਬ ਅਤੇ ਭੱਠਾ ਸਾਹਿਬ ਗੁਰਦੁਆਰੇ ਜਾਇਆ ਕਰਦੇ ਸਨ । ਮੈਂ ਕਹਿਣਾ, ਮਾਮਾ ਜੀ, ਹੁਣ ਤਾਂ ਪੁਰਾਤਨ ਸਮਾਂ ਨਹੀਂ, ਬਸਾਂ ਦੀ ਆਵਾਜਾਈ ਆਮ ਹੈ, ਤੁਸੀਂ ਬਸਾਂ ਤੇ ਕਿਉਂ ਨਹੀਂ ਜਾਂਦੇ ? ਤਾਂ ਕਹਿਣਾ, ਗੁਰੂ ਦੀ ਸ਼ਰਨ ਚਿ ਪੈਰੀਂ ਤੁਰ ਕੇ ਹੀ ਜਾਣਾ ਬਣਦਾ ਹੈ । ਇਉਂ ਹੀ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਹੋ ਸਕਦੀਆਂ ਹਨ ਅਤੇ ਹਾਜ਼ਰੀ ਪ੍ਰਵਾਨ ਪੈਂਦੀ ਹੈ।" ਕੁਝ ਦੇਰ ਕੁਰਾਲੀ ਰਹਿ ਕੇ ਆਪ ਜੀ ਫਿਰ ਲੁਧਿਆਣੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਆ ਗਏ।

ਡਾਕਟਰ ਜੀ ਪੁਰਾਤਨ ਗੁਰਮੁਖਾਂ ਵਾਲੇ ਸਹਿਜ-ਕੀਰਤਨ ਨੂੰ ਬਹੁਤ ਪਸੰਦ ਕਰਦੇ ਸਨ । ਇਹੋ ਕਾਰਨ ਸੀ ਕਿ ਆਪ ਜੀ ਕਈ ਵੇਰਾਂ ਕਿਹਾ ਕਰਦੇ ਸਨ ਕਿ ਜੇ ਕੀਰਤਨ ਦਾ ਰਸ ਮਾਣਨਾ ਹੈ ਤਾਂ ਭਾਈ ਅਮਰੀਕ ਸਿੰਘ ਹਜ਼ੂਰੀ ਰਾਗੀ ਦਾ ਕੀਰਤਨ ਸੁਣਿਆ ਕਰੋ । ਆਪ ਜੀ ਇਹਨਾਂ ਦੇ ਕੀਰਤਨ ਦੇ ਤਾਂ ਭੌਰੇ ਹੀ ਸਨ। ਜਦੋਂ ਵੀ ਸ੍ਰੀ ਅੰਮ੍ਰਿਤਸਰ ਆਉਣਾ ਤਾਂ ਭਾਈ ਅਮਰੀਕ ਸਿੰਘ ਜੀ ਨੂੰ ਜ਼ਰੂਰ ਹੀ ਮਿਲਣਾ । ਡਾਕਟਰ ਜੀ

[ਬਾਕੀ ਵੇਖੋ ਸਫਾ ੧੧ ਦੇ ਹੇਠ]



www.AKJ.Org

# ਭਾਈ ਫੇਰੂ ਜੀ ਸੱਚੀ ਦਾੜ੍ਹੀ

[ਕਾਕਾ ਓਅੰਕਾਰਬਖ਼ਸ਼ ਸਿੰਘ ਜੀ, 500 ਮਾਡਲ ਟਾਊਨ, ਲੁਧਿਆਣਾ]

ਸਤਵੀਂ ਪਾਤਸ਼ਾਹੀ ਜੀ ਦੇ ਸੱਚਖੰਡ ਪਿਆਨੇ ਮਗਰੋਂ ਅਠਵੇਂ ਸਤਿਗੁਰੂ ਜੀ ਗੱਦੀ ਪਰ ਬੈਠਣ ਦੇ ਕੁਛ ਚਿਰ ਮਗਰੋਂ ਦਿੱਲੀ ਟੁਰ ਗਏ ਤੇ ਛੇਤੀ ਹੀ ਜੋਤੀ ਜੋਤਿ ਸਮਾ ਗਏ। ਨੌਵੇਂ ਸਤਿਗੁਰੂ ਆਸਾਮ ਆਦਿ ਬਿਦੇਸ਼ਾਂ ਵਿਚ ਚਿਰ ਤਕ ਰਹੇ। ਦਸਵੇਂ ਸਤਿਗੁਰੂ ਜੀ ਗੱਦੀ ਬੈਠਦੇ ਹੀ ਭਾਰੇ ਕੰਮਾਂ ਵਿਚ ਰੁਝ ਗਏ।

ਇਧਰ ਸੰਗਤਾਂ ਵਿਚ ਜੋ ਮਸੰਦ ਸਨ, ਕਿਤੇ ਕਿਤੇ ਆਪਣੇ ਫਰਜ਼ਾਂ ਤੋਂ ਘੁਸ ਗਏ। ਮਸੰਦ ਅਸਲ ਵਿਚ ਉਹ ਉੱਚਾ ਸਿਖ ਸੀ, ਜਿਸ ਨੂੰ ਭਜਨ ਬੰਦਗੀ ਉਪਕਾਰ ਦੇ ਕਾਰਨ ਸੰਗਤਾਂ 'ਮਸਨਦ' ਤੇ ਬਿਠਾਂਦੀਆਂ ਸਨ। ਇਹ ਆਪਣਾ ਜੀਵਨ ਗੁਰੂ ਅਰਪਣ ਰੱਖਦਾ ਸੀ। ਜੇ ਇਕੱਲਾ ਹੋਵੇ ਤਾਂ ਆਪਣੀ ਜਾਇਦਾਦ ਨਹੀਂ ਸੀ ਬਣਾਉਂਦਾ, ਜੇ ਵਿਆਹਿਆ ਹੋਵੇ ਤਾਂ ਇਜ਼ਤ ਦਾ ਨਿਰਬਾਹ ਤੋਰ ਲੈਂਦਾ ਸੀ। ਕਰਨੀ ਦੇ ਸੁੱਚੇ, ਰਹਿਣੀ ਬਹਿਣੀ ਵਾਲੇ, ਨਾਮ ਰਸੀਏ ਹੁੰਦੇ ਹੋਏ ਨਾਮ-ਦਾਤੇ ਸਤਿਗੁਰੂ ਨਾਲ ਮੇਲ ਕਰਾਉਣ ਵਾਲੇ ਗੁਰਮੁਖ ਦੇ ਦਰਜੇ ਤਕ ਦੇ ਮਸੰਦ ਹੋਇਆ ਕਰਦੇ ਸਨ। ਸਾਧ ਸੰਗਤ ਦੇ ਦਸਵੰਧ ਇਹਨਾਂ ਰਾਹੀਂ ਸਤਿਗੁਰੂ ਜੀ ਪਾਸ ਅਪੜਦੇ ਸਨ।

ਸਮਾਂ ਪਾ ਕੇ ਕੁਛ ਗ੍ਰਿਹਸਤੀ ਮਸੰਦ ਮਾਇਆਧਾਰੀ ਤੇ ਲੋਭੀ ਹੋ ਗਏ ਤੇ ਕਈਆਂ ਨੇ ਗੁਰੂ ਤੋਂ ਵਿਮੁਖ ਹੋ ਕੇ ਸੰਗਤਾਂ ਨੂੰ ਦੁਖ ਦੇਣੇ ਸ਼ੁਰੂ ਕਰ ਦਿਤੇ। ਤਦ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ-ਸੰਪ੍ਰਦਾ ਬੰਦ ਕਰ ਦਿਤੀ ਸੀ। ਦਸਵੰਧ-ਭੇਟਾ ਨੂੰ, ਜੋ ਮਸੰਦਾਂ ਨੇ 'ਡੰਨ ਤੇ ਕਰ' ਦੀ ਸ਼ਕਲ ਦੇ ਦਿਤੀ ਸੀ, ਗੁਰੂ ਜੀ ਨੇ 'ਡੰਨ' ਵਾਲੀ ਸ਼ਕਲ ਤੋੜ ਕੇ ਉਸ ਨੂੰ ਪ੍ਰੇਮ ਦੇ ਹੱਥ ਸੌਂਪ ਦਿਤਾ ਸੀ।

ਮਸੰਦਾਂ ਵਿਚ ਉਸ ਵੇਲੇ ਵੀ ਅਛੇ ਅਛੇ ਸਿਦਕੀ ਤੇ ਪ੍ਰੇਮੀ ਸਨ। ਸਤਿਗੁਰ ਜੀ ਨੇ ਕਈ ਮਸੰਦਾਂ ਨੂੰ ਜਦੋਂ ਬੁਲਾਇਆ ਤਾਂ ਅਕਸਰ ਨਾ ਆਏ। ਫਿਰ ਹੁਕਮ ਗਿਆ ਕਿ ਫੜ ਕੇ ਹਾਜ਼ਰ ਕਰੋ। ਇਨ੍ਹਾਂ ਵਿਚੋਂ ਕਈ ਆਪਣੇ ਅਸਲੇ ਵਿਚ ਕਾਇਮ ਸਨ, ਜਿਨ੍ਹਾਂ ਵਿਚੋਂ ਇਕ ਦੀ ਵਾਰਤਾ ਇਸ ਤਰ੍ਹਾਂ ਹੈ :—

ਭਾਈ ਫੇਰੂ ਜੀ ਇਸ ਸਮੇਂ 'ਨਕੇ ਦੇਸ਼ ਦੇ' ਮਸੰਦ ਸਨ। ਪਹਿਲੇ ਸਦੇ ਤੇ ਇਹ ਨਹੀਂ ਆਏ, ਕਿਉਂਕਿ ਸੱਦਾ ਇਹਨਾਂ ਤਕ ਨਹੀਂ ਸੀ ਅਪੜਿਆ। ਦੂਜੇ ਸੱਦੇ ਦੇ ਸੁਣਦੇ ਸਾਰ, ਜਿਸ ਹਾਲ ਸੀ, ਉਸੇ ਹਾਲ ਟੁਰ ਪਏ। ਲੈ ਜਾਣ ਵਾਲੇ ਸਿਖ ਤਾਂ ਸਤਿਕਾਰ ਕਰਨ, ਪਰ ਫੇਰੂ ਜੀ ਹੱਥ ਬੰਨ੍ਹ ਕੇ ਦਾੜ੍ਹੀ ਫੜ ਕੇ ਸਾਰਾ ਰਾਹ ਟੁਰੇ। ਸ੍ਰੀ ਕਲਗੀਧਰ ਜੀ ਦੇ ਦਰਬਾਰ ਮੁਲਜ਼ਮਾਂ ਵਾਂਗ ਆਪ ਜੀ ਵੀ ਪੇਸ਼ ਹੋਏ। ਆਪ ਪਰ ਵੀ ਇਹ ਇਲਜ਼ਾਮ ਸੀ ਕਿ ਕਈ ਬਰਸ ਤੋਂ ਸੰਗਤਾਂ ਦੇ ਦਸਵੰਧ ਨੂੰ ਦਬਾ ਗਏ ਹਨ।

ਸਤਿਗੁਰ ਜੀ ਨੇ ਭਾਈ ਫੇਰੂ ਜੀ ਵਲ ਤਕਿਆ, ਅਤੇ ਦੇਖ ਕੇ ਪਿਆਰ ਦੀ ਖਿਚ ਖਾਧੀ। ਗੁਰੂ ਜੀ ਨੇ ਫੇਰ ਤਕਿਆ ਤੇ ਨੈਣ ਮੁੰਦ ਲਏ। ਪਲ ਮਗਰੋਂ ਗੁਰੂ ਜੀ ਨੇ ਆਪ ਉਹਨਾਂ ਦੇ ਹੱਥ ਖੋਲ੍ਹੇ ਤੇ ਛਾਤੀ ਨਾਲ ਲਾ ਲਿਆ ਅਤੇ ਕਿਹਾ, "ਤੂੰ ਸਾਰਾ ਕੁਛ ਭੇਜਦਾ ਰਿਹਾ ਹੈਂ, ਮੈਨੂੰ ਸਭ ਕੁਝ ਪਹੁੰਚਦਾ ਰਿਹਾ ਹੈ। ਤੈਨੂੰ ਕੌਣ ਫੜ ਲਿਆਇਆ ਹੈ ? ਤੂੰ ਨਿਰਾ ਭਾਈ ਫੇਰੂ ਨਹੀਂ, ਤੂੰ ਤਾਂ ਭਾਈ ਫੇਰੂ ਸੱਚ ਦਾੜ੍ਹੀ ਹੈਂ।"

ਕਿਸੇ ਨੇ ਹੌਲੀ ਜਿਹੀ ਕਿਹਾ, "ਪਾਤਸ਼ਾਹ ! ਇਹਨਾਂ ਵਲੋਂ ਮਾਇਆ ਪੁਜੀ ਕਿਤੇ ਦਰਜ ਨਹੀਂ।" ਸਤਿਗੁਰੂ ਬੋਲੇ, "ਸਿਧੀ ਮੇਰੇ ਪਾਸ ਆਉਂਦੀ ਰਹੀ ਹੈ।"

ਹੁਣ ਗੁਰੂ ਜੀ ਨੇ ਸੰਗਤ ਨੂੰ ਦਸਿਆ ਕਿ ਇਹ ਦਸਵੰਧ ਦੀ ਸਾਰੀ ਮਾਇਆ ਭਲੇ ਅਰਥ ਲਾਉਂਦਾ ਰਿਹਾ ਹੈ ਤੇ ਆਪ ਨਿਰਾ ਅੰਨ ਪਾਣੀ ਲੰਗਰ ਤੋਂ ਛਕਦਾ ਰਿਹਾ ਹੈ। ਇਸਨੂੰ ਮੈਂ ਕਦੇ ਇਹ ਕਿਹਾ ਸੀ ਕਿ ਸਾਧ ਸੰਗਤ ਦੀ ਰਸਨਾ ਗੁਰੂ ਦੀ ਗੋਲਕ ਹੈ। ਇਹ ਸੱਚ ਪੁਤਰ ਇਸੇ ਤੇ ਅਮਲ ਕਰਦਾ ਰਿਹਾ ਹੈ।

ਭਾਈ ਫੇਰੂ ਜੀ ਬੜੇ ਭਜਨੀਕ, ਮਹਾਂ ਤਿਆਗੀ ਤੇ ਸਤਿਗੁਰੂ ਜੀ ਦੇ ਪ੍ਰੇਮੀ ਸਿਖ ਹੋਏ ਹਨ। ਕਲਗੀਧਰ ਜੀ ਨੇ ਆਪ ਨੂੰ ਆਪਣੀ ਹਥੀਂ ਦਸਤਾਰ ਬੰਨ੍ਹਾ ਕੇ 'ਸਚੀ ਦਾੜ੍ਹੀ' ਦਾ ਵਰ ਦਿਤਾ ਸੀ। ਵਰ ਦੇ ਮਗਰੋਂ ਆਪ ਆਪਣੇ ਟਿਕਾਣੇ ਹੀ ਰਹੇ। ਸਤਿਗੁਰ ਦੀ ਸੇਵਾ ਤੇ ਪਿਆਰ ਅੰਤ ਤੱਕ ਨਿਭ ਗਿਆ।

www.AKJ.Org

# ਦਸਮੇਸ਼ ਜੀ ਦੇ ਲਾਲ

[ਸ: ਭਾਨ ਸਿੰਘ ਜੀ]

ਮਾਤ ਪਿਆਰੀ, ਅੰਬੜੀਏ,
ਮੋਹ ਨ ਪਾਵੀਂ ਸਾਡੇ ਨਾਲ ।
ਤੁਰ ਜਾਣਾ ਅਸੀਂ ਬਾਲ ਵਰੇਸੇ,
ਕਰ ਕੇ ਡਾਢੀ ਖੇਡ ਕਮਾਲ ।

ਜਨਮੇ ਹਾਂ ਅਸੀਂ ਧਰਮ ਦੀ ਖ਼ਾਤਰ,
ਮਰ ਕੇ ਰਖਣਾ ਧਰਮ ਬਹਾਲ ।
ਦੋ ਜੂਝਾਂਗੇ, ਵਿਚ ਚਮਕੌਰ,
ਲਖਾਂ ਵੈਰੀ ਦਲ ਦੇ ਨਾਲ ।
ਦੋ ਲਾਵਾਂਗੇ ਨੀਹਾਂ ਅੰਦਰ,
ਆਪਣੇ ਧੜ ਸਰਹੰਦੀ ਪਾਲ ।
ਗੁਜਰੀ ਮਾਤ ਦੀਆਂ ਅਖਾਂ ਸਾਹਵੇਂ,
ਹੋਣੀ ਹੋਏਗੀ ਸਾਡੇ ਨਾਲ ।
ਵਾਰ ਦੇਵੇਗੀ ਉਹ ਭੀ ਆਪਾ,
ਪੰਥ ਦੀ ਖ਼ਾਤਰ, ਪੋਤਿਆਂ ਨਾਲ ।
ਕਲਗੀਧਰ ਦਸਮੇਸ਼ ਪਿਤਾ ਦੀ,
ਹਰੀ ਕਰਾਂਗੇ ਸਿਖੀ ਡਾਲ ।
ਪੰਥ ਖਾਲਸਾ, ਜੁਗ ਜੁਗ ਜੀਵੇ,
ਉਸ ਦਾ ਰਾਖਾ ਆਪ ਅਕਾਲ ।
ਮਾਤ ਪਿਆਰੀ, ਅੰਬੜੀਏ,
ਮੋਹ ਨ ਪਾਈਂ ਸਾਡੇ ਨਾਲ ।
ਤੁਰ ਜਾਣਾ ਅਸੀਂ ਬਾਲ ਵਰੇਸੇ,
ਕਰਕੇ ਡਾਢੀ ਖੇਲ ਕਮਾਲ ।

ਜੁਗ ਜੁਗ ਦੁਨੀਆ ਯਾਦ ਕਰੇਗੀ,
ਬੀਤੇਗੀ ਜੋ ਸਾਡੇ ਨਾਲ ।
ਸਹਿ ਜਾਵਾਂਗੇ ਦੁਖੜੇ ਸਾਰੇ,
ਕਰ ਜਾਵਾਂਗੇ ਕਰੜੀ ਘਾਲ ।
ਤੇਗ ਬਹਾਦਰ ਬਾਬੇ ਵਾਂਗੂ,
ਬਣਨਾ ਅਸੀਂ ਧਰਮ ਦੀ ਢਾਲ ।
ਸ਼ਾਨ ਪੰਥ ਦੀ ਉਚੀ ਕਰਨੀ,

# ਧੰਨ ਤੇਰੀ ਗੁਰਸਿਖੀ, ਖੰਨਿਓਂ ਤਿਖੀ

[ਭਾਈ ਹਰਮਿੰਦਰ ਸਿੰਘ ਜੀ, ਹੁਸ਼ਿਆਰਪੁਰ]

ਗੁਰਮੁਖ ਜੀਵਨ ਪਰਉਪਕਾਰੀ, ਲੰਗਰ ਸੇਵਾ ਕਰਨਾ, ਪਾਣੀ ਭਰਨਾ ।
ਅੰਮ੍ਰਿਤ ਵੇਲੇ ਜਾਗ ਸਵੇਰੇ, ਅੰਮ੍ਰਿਤ ਬਾਣੀ ਪੜ੍ਹਨਾ, ਗੁਰ ਗੁਰ ਕਰਨਾ ।
ਜਪੁ ਜੀ ਸਾਹਿਬ ਜਾਪੁ ਸਵੱਯੇ, ਚੌਪਈ ਆਨੰਦ ਕਰਨਾ, ਨਾਮ ਸਿਮਰਨਾ ।
ਗੁਰ-ਦੀਖਿਆ ਲੈ ਖੰਡੇ ਪਾਹੁਲ,ਸ਼ਬਦ-ਸੁਰਤ ਵਿਚਜੁੜਨਾ,ਭਵਜਲ ਤਰਨਾ।

ਧੰਨ ਗੁਰੂ ਕੇ ਲਾਲ ਪਿਆਰੇ, ਸਦਾ ਰਹਿਣ ਲਿਵ ਲਾਏ, ਨਾਮ ਧਿਆਏ ।
ਨਾਮ ਰਸੀਲੇ ਮਨੀ ਸਿੰਘ ਜੀ, ਬੰਦ ਬੰਦ ਕਟਵਾਏ, ਪੂਰਨੇ ਪਾਏ ।
ਧੰਨ ਧੰਨ ਭਾਈ ਤਾਰੂ ਸਿੰਘ ਜੀ, ਖੋਪਰ ਸੀਸ ਲੁਹਾਏ, ਸਿਦਕ ਨਿਭਾਏ ।
ਗੁਰੂ ਬੱਚੀਆਂ ਨੇ ਆਪਣੇ ਬੱਚੇ, ਨੇਜ਼ਿਆਂ ਤੇ ਟੰਗਵਾਏ, ਝੋਲ ਪੁਆਏ ।੨।

ਧੰਨ ਗੁਰੂ ਗੋਬਿੰਦ ਸਿੰਘ ਸਾਹਿਬ, ਧੰਨ ਤੇਰੀ ਗੁਰਸਿਖੀ, ਖੰਨਿਓਂ ਤਿਖੀ ।
ਖੰਡੇ ਧਾਰ ਗਲੀ ਅਤ ਭੀੜੀ, ਹੈ ਭੀ ਵਾਲਹੁੰ ਨਿਕੀ, ਵਾਲਹੁੰ ਨਿਕੀ ।
ਸਿਫ਼ਤ ਆਪ ਦੀ ਕੀ ਕੀ ਲਿਖਾਂ, ਮੈਥੋਂ ਜਾਇ ਨ ਲਿਖੀ, ਜਾਇ ਨ ਲਿਖੀ ।
ਮੈਂ ਮੂਰਖ ਨੂੰ ਸਿਖੀ ਬਖਸ਼ੋ, ਕਰਕੇ ਕਿਰਪਾ-ਦਿਖੀ, ਕਿਰਪਾ-ਦਿਖੀ ।੩।

# ਖਾਲਸਾ ਕੌਮ ! ਤੂੰ ਉਹ ਪਹਿਲੀ ਸ਼ਾਨ ਪੈਦਾ ਕਰ

[ਸ: ਜੈਮਲ ਸਿੰਘ ਜੀ ਹਮਦਰਦ, ਇੰਦੌਰ-੨]

ਚਲੇ ਆਰਾ ਪੜ੍ਹੇ ਜਪੁ ਜੀ, ਭਾਈ ਮੱਤੀ ਦਾਸ ਜੀ ਪੈਦਾ ਕਰ ।
ਉਬਲੇ ਆਲੂ ਦੇ ਵਾਂਗ ਦੇਗਾਂ ਚਿ, ਭਾਈ ਦਿਆਲਾ ਜੀ ਪੈਦਾ ਕਰ ।
ਗੁਰੂ ਦੇ ਸੀਸ ਨੂੰ ਲੈ ਜਾਇ, ਭਾਈ ਜੈਤਾ ਜੀ ਪੈਦਾ ਕਰ ।
ਘਰ ਜਲਾ, ਕਰੇ ਸੱਸਕਾਰ ਧੜ ਦਾ, ਲਖੀ ਸ਼ਾਹ ਵੀਰ ਪੈਦਾ ਕਰ ।
ਮੰਗੇ ਗੁਰੂ ਸੀਸ, ਦੇ ਭੇਟਾ, ਭਾਈ ਦਯਾ ਸਿੰਘ ਪੈਦਾ ਕਰ ।
ਧਰਮ, ਹਿੰਮਤ, ਸਾਹਿਬ, ਮੁਹਕਮ, ਦਾਨੀ ਮਹਾਂਦਾਨੀ ਪੈਦਾ ਕਰ ।
ਗੋਯਾ ਨੰਦ ਲਾਲ, ਬੁੱਧੂ ਸ਼ਾਹ ਜਿਹੇ, ਸ਼ਰਧਾਵਾਨ ਪੈਦਾ ਕਰ ।
ਨੱਸਣ ਹਾਥੀ, ਮਾਰਨ ਚੀਕਾਂ, ਬਚਿੱਤਰ ਸਿੰਘ ਪੈਦਾ ਕਰ ।
ਮਾਰੇ ਵਜੀਦਾ, ਸਾੜੇ ਸਰਹੰਦ, ਬਹਾਦਰ ਬੰਦਾ ਪੈਦਾ ਕਰ ।
ਕਟਾਇ ਬੰਦ ਬੰਦ ਆਪਣਾ, ਭਾਈ ਮਨੀ ਸਿੰਘ ਪੈਦਾ ਕਰ ।
ਲੁਹਾਵੇ ਸਿਰ ਦੇ ਖੋਪਰ ਜੋ, ਭਾਈ ਤਾਰੂ ਸਿੰਘ ਪੈਦਾ ਕਰ ।
ਤਲੀ ਧਰ ਸੀਸ ਲੜਦਾ ਰਹੇ, ਬਾਬਾ ਦੀਪ ਸਿੰਘ ਪੈਦਾ ਕਰ ।
ਚੜ੍ਹੇ ਚਰਖੀ, ਉੱਡਣ ਤੂੰਬੇ, ਸਿੰਘ ਸ਼ਾਹਬਾਜ਼ ਪੈਦਾ ਕਰ ।
ਮੱਸੇ ਰੰਘੜ ਦਾ ਸਿਰ ਵਢੇ, ਸੁੱਖਾ ਸਿੰਘ, ਮਹਿਤਾਬ ਪੈਦਾ ਕਰ ।
ਅੱਟਕ ਅਟਕਾਇ ਜੋ ਸੂਰਾ, ਸਿੰਘ ਰਣਜੀਤ ਪੈਦਾ ਕਰ ।
ਮੁਜਰਮ ਠਹਿਰਾਏ ਰਾਜੇ ਨੂੰ, ਫੂਲਾ ਸਿੰਘ ਬੀਰ ਪੈਦਾ ਕਰ ।



www.AKJ.Org

ਬਣ ਕੇ ਗੁਰੂ ਗੋਬਿੰਦ ਦੇ ਲਾਲ ।
ਸਾਡੀ ਥਾਂ ਉਨ੍ਹਾਂ ਦੇ ਪਾਸ,
ਘਾਲ ਗਏ ਜੋ ਪੂਰੀ ਘਾਲ ।
ਮਾਤ ਪਿਆਰੀ, ਅੰਬੜੀਏ,
ਮੋਹ ਨ ਪਾਈਂ ਸਾਡੇ ਨਾਲ ।
ਤੁਰ ਜਾਣਾ ਅਸੀਂ ਬਾਲ ਵਰੇਸੇ,
ਕਰ ਕੇ ਡਾਢੀ ਖੇਡ ਕਮਾਲ ।

ਤਿੱਬਤ, ਕਸ਼ਮੀਰ, ਫਤਹ ਕਰੇ ਕਾਬਲ, ਹਰੀ ਸਿੰਘ ਨਲੂਏ ਪੈਦਾ ਕਰ ।
ਦਯਾ ਨੰਦ, ਹਾਰ ਖਾ ਨੱਸੇ, ਗਿਆਨੀ ਦਿੱਤ ਸਿੰਘ ਪੈਦਾ ਕਰ ।
ਸੜੇ ਜੋ ਜਿੰਦਾ ਜੰਡਾਂ ਨਾਲ, ਲਛਮਣ ਸਿੰਘ ਵੀਰ ਪੈਦਾ ਕਰ ।
ਮਾਰੇ ਬੀ.ਟੀ. ਨੂੰ ਪਟਿਆਲੇ ਚਿ, ਬੱਬਰ ਕਰਤਾਰ ਪੈਦਾ ਕਰ ।
ਰੁਕਾਵਣ ਰੇਲ ਦਾ ਇੰਜਣ, ਕਰਮ, ਪ੍ਰਤਾਪ ਸਿੰਘ ਪੈਦਾ ਕਰ ।
ਬਣ ਕੇ 'ਹਮਦਰਦ' ਸਭ ਦਾ ਸਿਖੀ ਸਿਦਕ ਤੇ ਆਨ ਪੈਦਾ ਕਰ ।
ਅਕਾਲੀ ਦਲ ਨੂੰ ਕਰ ਮਜ਼ਬੂਤ, ਵੁਹ ਪਹਿਲੀ ਸ਼ਾਨ ਪੈਦਾ ਕਰ ।
ਐ ਖਾਲਸਾ ਕੌਮ ! ਤੂੰ ਆਪਣੀ ਉਹ ਪਹਿਲੀ ਸ਼ਾਨ ਪੈਦਾ ਕਰ ।

# ਸ਼ਹੀਦ ਭਾਈ ਬੋਤਾ ਸਿੰਘ ਗਰਜਾ ਸਿੰਘ

[ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉ )]

ਇਕ ਦਿਨ ਖਾਨੂ[1] ਦਰਬਾਰ ਵਿਚ ਫੜ ਮਾਰੀ, ਸਿੱਖ ਸਾਰੇ ਮੈਂ ਹੈਨ ਮੁਕਾ ਦਿੱਤੇ ।
ਕੋਈ ਰਿਹਾ ਨਹੀਂ ਸਿਰ ਉਠਾਣ ਜੋਗਾ, ਬਹੁਤੇ ਮਾਰੇ ਕੁਝ ਹੈਨ ਭਜਾ ਦਿੱਤੇ ।
ਮੇਰੀ ਗੱਦੀ ਨੂੰ ਕੋਈ ਨਹੀਂ ਖ਼ਤਰਾ ਹੁਣ, ਕੋਈ ਰਿਹਾ ਨਹੀਂ ਮੈਨੂੰ ਹਿਲਾਣ ਜੋਗਾ ।
ਖ਼ਤਮ ਹੋ ਗਏ ਸਿਖ ਸੰਸਾਰ ਚੋਂ ਹੁਣ, ਕੋਈ ਨਹੀਂ ਜੱਗ ਤੇ ਖਾਣ ਹੰਢਾਣ ਜੋਗਾ।
ਫਿਰਦੇ ਵਿਚਰਦੇ ਮਾਝੇ ਦੇ ਜੰਗਲਾਂ ਵਿਚ, ਸ਼ਸਤ੍ਰ-ਧਾਰੀ ਦੋ ਸਿੰਘ ਵੀ ਆ ਨਿਕਲੇ ।
ਨੂਰਦੀਨ ਸਰਾਏ ਦੇ ਲਾਗਿਓਂ ਹੀ, 'ਬੋਤਾ' 'ਗਰਜਾ ਸਿੰਘ' ਸਿਰ ਉਠਾ ਨਿਕਲੇ ।
ਸ਼ਾਹੀ ਸੜਕ ਤੇ ਲੰਘਦੇ ਹੋਏ 'ਮਿੱਤਰ', ਗੱਲਾਂ ਕਰਦੇ ਦੋ ਤੁਰਕੜੇ ਜਾ ਰਹੇ ਸਨ।
'ਸਿੰਘ ਮੁੱਕ ਗਏ' ਸੂਬਾ ਲਾਹੌਰ ਕਹਿੰਦੈ, ਸੁਣਦੇ ਹੋਏ ਉਹ ਸਿੰਘ ਵੀ ਆ ਰਹੇ ਸਨ।
ਦੋਹਾਂ ਸਿੰਘਾਂ ਦਾ ਉਬਲਿਆ ਖ਼ੂਨ ਸੁਣ ਕੇ, ਬੋਲਾ ਸਤਿ ਸ੍ਰੀ ਅਕਾਲ ਗਜਾ ਦਿੱਤਾ ।
ਦੋਵੇਂ ਤੁਰਕ ਭੱਜੇ ਸਿਰ ਤੇ ਪੈਰ ਰਖ ਕੇ, ਸਿੰਘਾਂ ਸਾਰਾ ਹੀ ਸਥਲ ਕੰਬਾ ਦਿਤਾ।
ਸਿੰਘ ਹੈਗੇ ਨੇ ਸੂਬੇ ਨੂੰ ਦੱਸਣੇ ਲਈ, ਚਲੀ ਚਾਲ ਤੇ ਟੈਕਸ ਉਗਰਾਹੁਣ ਲੱਗੇ।
ਖੋਤੇ ਵਾਲੇ ਤੋਂ ਪੈਸਾ ਵਸੂਲ ਕਰਦੇ, ਗੱਡੇ ਵਾਲੇ ਤੋਂ ਆਨਾ ਰਖਵਾਉਣ ਲਗ ਪਏ।
ਜਾ ਕੇ ਮੁਖ਼ਬਰਾਂ ਸੂਬੇ ਨੂੰ ਖ਼ਬਰ ਦਿਤੀ, ਸਿੱਖ ਸੜਕ ਸ਼ਾਹੀ ਉੱਤੇ ਆਏ ਹੋਏ ਨੇ ।
ਬਾਦਸ਼ਾਹ ਬਣ 'ਕਰ'[2] ਵਸੂਲ ਕਰਦੇ, ਉਤੇ ਸੜਕ ਦੇ ਡੇਰੇ ਲਗਾਏ ਹੋਏ ਨੇ ।
ਦਸਤਾ ਫ਼ੌਜ ਦਾ ਭੇਜਿਆ ਜ਼ਿਕਰੀਏ ਨੇ, ਵੀਹ ਬੰਦੇ ਤਾਂ ਸਿੰਘਾਂ ਝਟਕਾ ਦਿੱਤੇ।
ਦੋ ਦੋ ਲੜੇ ਇਕ ਇਕ ਦੇ ਨਾਲ ਪਹਿਲਾਂ, ਸਿੰਘਾਂ ਉਹ ਵੀ ਜਹੰਨਮ ਪੁਚਾ ਦਿੱਤੇ ।
ਪਿੱਠ ਜੋੜ ਕੇ ਪਿੱਠ ਦੇ ਨਾਲ ਦੋਹਾਂ, ਵਾਹੇ ਐਸੇ ਸਲੋਤਰ ਤਰਥਲ ਮਚ ਗੀ ।
ਤੌਬਾ ਤੌਬ ਪੁਕਾਰਦੇ ਤੁਰਕ ਢੱਠੇ, ਫ਼ੌਜ ਵਿਚ ਮਿਤਰ ਹਲ ਚੱਲ ਮਚ ਗੀ।
ਸ਼ੇਰ ਮਰਦ ਸਤਿਗੁਰੂ ਦੇ ਸਿੰਘ ਸੂਰੇ, ਸਨਮੁਖ ਲੜਦੇ ਸ਼ਹੀਦੀਆਂ ਪਾ ਗਏ ਨੇ ।
ਅਮਰ ਹੋ ਗਏ ਸਦਾ ਲਈ ਜੱਗ ਅੰਦਰ, ਚਾਰ ਚੰਨ ਇਤਿਹਾਸ ਨੂੰ ਲਾ ਗਏ ਨੇ ।
ਜਦੋਂ ਤੀਕ ਕਾਇਮ ਸੂਰਜ ਚੰਨ ਤਾਰੇ, ਓਦੋਂ ਤੀਕ ਸ਼ਹੀਦਾਂ ਦਾ ਨਾਮ ਰਹਿਸੀ ।
'ਮਿਤਰ' ਇਹੋ ਜਿਹੇ ਬੀਰ ਬਹਾਦਰਾਂ ਨੂੰ, ਕਰਦਾ ਦੇਸ਼ ਇਹ ਸਦਾ ਪਰਨਾਮ ਰਹਿਸੀ ।

੧.ਖਾਨ ਬਹਾਦਰ ਜ਼ਿਕਰੀਆਂ ਖਾਨ ਸੂਬਾ ਲਾਹੌਰ । ੨.ਟੈਕਸ ।



www.AKJ.Org

# ਗੁਰਸਿੱਖ ਸਖੀ ਸਹੇਲੀ ਨਾਲ, ਰਣ-ਭੂਮੀ ਚਮਕੌਰ ਦੀਆਂ ਦੋ ਗੱਲਾਂ

[ਗਿਆਨੀ ਹਜ਼ਾਰਾ ਸਿੰਘ ਡੀ.ਐਸ.ਪੀ. (ਰੀ:) ਗੁਰਦਾਸਪੁਰ]

ਰਣ-ਭੂਮੀ ਚਮਕੌਰ ਦੀਆਂ ਮੈਂ, ਕੀ ਕੀ ਦੱਸਾਂ, ਨੀ ਭੈਣੇ, ਮੈਂ ਕਹਿ ਨਾ ਸੱਕਾਂ,
ਚਮਕੇ ਚੰਡੀ ਲਾਲ ਜੁਝਾਰ ਦੀ, ਜਿਸ ਨੂੰ ਮੁੜ ਮੁੜ ਤੱਕਾਂ, ਨੀ ਸਖੀਏ, ਮੁੜ ਮੁੜ ਤੱਕਾਂ।
ਸਦਾ ਤੱਕਦੀ ਰਹਾਂ, ਤੱਕਦੀ ਰਹਾਂ, ਕਦੇ ਨਾ ਅੱਕਾਂ ਨੀ ਸਖੀਏ, ਕਦੇ ਨਾ ਅੱਕਾਂ।
ਲੋਂਹਦੀ ਸਿਰ ਮੁੰਡਾਂ ਦੇ, ਜਿਵੇਂ ਸਿੱਟੇ ਕਣਕਾਂ ਨੀ ਸਖੀਏ, ਜਿਵੇਂ ਸਿੱਟੇ ਕਣਕਾਂ।
ਦੋਹੀਂ ਹਥੀਂ ਫੜ ਕੰਨਾਂ ਨੂੰ, ਤੌਬਾ ਤੌਬ ਪੁਕਾਰਦੇ, ਅਪਣੀ ਅੱਖੀਂ ਤੱਕਾਂ ਨੀ ਭੈਣੇ, ਅਖੀਂ ਤੱਕਾਂ।
ਬਾਰ੍ਹਾਂ-ਸਾਲਾ ਲਾਲ ਗੋਬਿੰਦ ਦਾ, ਲੜਦਾ ਈ ਨਾਲ ਲੱਖਾਂ, ਨੀ ਮੈਂ ਅੱਖੀਂ ਤੱਕਾਂ।
ਵਾਹਿਗੁਰੂ ਰਸਨਾ ਤੋਂ ਉਚਰੇ, ਚਿਤ ਯੁੱਧ ਬੀਚਾਰੇ, ਸੂਰਾ ਮਾਰੇ ਕਿਲਕਾਂ, ਨੀ ਮੈਂ ਅੱਖੀਂ ਤੱਕਾਂ।
ਝਾਂਜਰਾਂ ਉਸਦੇ ਬੰਕੇ ਦੀਆਂ, ਕਰਦੀਆਂ ਛਨਕ-ਛਨੱਕਾਂ, ਕੁਝ ਕਹਿ ਨਾ ਸੱਕਾਂ, ਨੀ ਮੈਂ ਅੱਖੀਂ ਤੱਕਾਂ।
ਪਉਂਦਾ ਜੱਲੀ ਬੰਕਾ-ਉਸ ਦਾ, ਮਾਰੇ ਫੁਰੜ ਫੁੜੱਕਾਂ, ਜਿਹਨੂੰ ਮੁੜ ਮੁੜ ਤੱਕਾਂ।
ਸਾਨੀ ਕੋਈ ਨਹੀਂ ਉਸ ਦਾ ਜਗ ਵਿਚ, ਕਿਵ ਪਰਖਾਂ ਤੇ ਕਿਵ ਦਸਾਂ, ਦਸ ਨਾ ਸਕਾਂ।
ਕਲਗੀ ਬੀਰ ਜੁਝਾਰ ਦੀ, ਨੀ ਮੈਂ ਚੁੰਮ ਚੁੰਮ ਰੱਖਾਂ, ਭੈਣੇ ਨੀ, ਮੈਂ ਚੁੰਮ ਚੁੰਮ ਰੱਖਾਂ।
ਐਸੇ ਪੂਰਨੇ ਪਾਏ ਪੰਥ ਲਈ, ਮੈਂ ਲੱਖ ਨਾ ਸੱਕਾਂ, ਨਾ ਲਖ ਸੱਕਾਂ।
ਭੁੱਲੇ ਨਾ ਕਦੇ ਯਾਦ ਉਸਦੀ, ਚਿਤ ਸੰਭਾਲੀ ਰੱਖਾਂ, ਨੀ ਭੈਣੇ, ਚਿਤ ਸੰਭਾਲੀ ਰੱਖਾਂ।

ਮੁੜ ਆਈ ਉਹ ਰੁਤ ਸ਼ਹੀਦੀ, ਫੇਰ ਨਾ ਲਵੀਂ ਅੱਖਾਂ, ਪੰਥ ਤੋਂ ਲਵੀਂ ਫੇਰ ਨਾ ਅੱਖਾਂ।
ਜਿੰਦੜੀਆਂ ਦੇਈਏ ਵਾਰ ਪੰਥ ਤੋਂ, ਰੁਕੀਂ ਨਾ ਤੂੰ, ਤੇ ਨਾ ਮੈਂ ਰੁੱਕਾਂ, ਕਦੇ ਰੁਕੀ ਨਾ ਰੁੱਕਾਂ।
ਫਤਹ ਚੁੰਮੇਗੀ ਪੈਰ ਪੰਥ ਦੇ, ਜਿਨੂੰ ਗੋਬਿੰਦ ਦੀਆਂ ਰੱਖਾਂ, ਨੀ ਭੈਣੇ, ਜਿਨੂੰ ਗੋਬਿੰਦ ਦੀਆਂ ਰੱਖਾਂ।
ਹੋਇ ਹਲੇਮੀ ਰਾਜ ਖਾਲਸਾ, ਆਕੀ ਕੋਈ ਨਾ ਤੱਕਾਂ, ਨੀ ਭੈਣੇ ਆਕੀ ਕੋਈ ਨਾ ਤੱਕਾਂ।
ਰੈਣ ਆਰਜਾ ਮੁਕਦੀ ਜਾਂਦੀ, ਕਿਤਨੀ ਕੁ ਰਹਿੰਦੀ ਦਸਾਂ; ਕੁਝ ਕਹਿ ਨਾ ਸੱਕਾਂ।
ਔਣ ਬਹਾਰਾਂ ਸੁਖਾਂ ਦੀਆਂ, ਨੀ ਮੈਂ ਜਾਂਦੀ ਜਾਂਦੀ ਤੱਕਾਂ, ਨੀ ਸਖੀਏ ਜਾਂਦੀ ਜਾਂਦੀ ਤੱਕਾਂ।
ਆਦੇਸਾਂ ਇਸ ਰਣ-ਭੂਮੀ ਨੂੰ, ਜੋ ਸਬਕ ਸਿਖਾਵੇ ਸਿੱਖਾਂ, ਨੀ ਭੈਣੇ ਜੁ ਸਬਕ ਸਿਖਾਵੇ ਸਿੱਖਾਂ।
ਬਰਕਤਾਂ ਇਸ ਮਹਾਨ ਧਰਤ ਦੀਆਂ, ਮੈਂ ਦੱਸ ਕੀ ਸਕਾਂ, ਕੁਝ ਦੱਸ ਨਾ ਸੱਕਾਂ।
ਰੌਸ਼ਨੀ ਨੂਰੀ ਉਤਰ ਅਰਸ਼ੋਂ, ਕਰੇ ਪਰਕਰਮਾਂ ਲਖਾਂ, ਨੀ ਭੈਣੇ ਪਰਕਰਮਾਂ ਲਖਾਂ।
ਜਿਸ ਨੂੰ ਘੁਪ ਅੰਨੇਰੀ ਰਾਤ ਵਿਚ ਵੀ, ਅਜੇ ਪਈ ਮੈਂ ਤੱਕਾਂ, ਨੀ ਭੈਣੇ ਅਜੇ ਪਈ ਮੈਂ ਤੱਕਾਂ।

## ਚੰਡੀਗੜ੍ਹ ਵਿਖੇ ਦਿਵਸ ਸੁਹੇਲਾ ਕੀਰਤਨ ਸਮਾਗਮ

ਅਖੰਡ ਕੀਰਤਨੀ ਜਥਾ ਚੰਡੀਗੜ੍ਹ ਵਲੋਂ ਭਾਈ ਜੁਗਿੰਦਰ ਸਿੰਘ ਜੀ ਤਲਵਾੜਾ ਦੇ ਤਨ ਮਨ ਦੀ ਚੜ੍ਹਦੀ ਕਲਾ ਤੇ ਪੰਥਕ ਸੇਵਾ ਲਈ ਹੋਰ ਚਾਉ-ਉਮਾਉ ਬਖਸ਼ੇ ਜਾਣ ਲਈ ਅਰਦਾਸ ਹੋਵੇਗੀ। ਦਿਵਸ ਸੁਹੇਲਾ ਕੀਰਤਨ 15 ਜਨਵਰੀ 1984 ਅੰਮ੍ਰਿਤ ਵੇਲੇ 3 ਵਜੇ ਤੋਂ ਸ਼ਾਮ 6 ਵਜੇ ਤਕ ਫਲੈਟ ਨੰਬਰ 1614-ਸੀ, ਸੈਕਟਰ 38-ਬੀ, ਚੰਡੀਗੜ੍ਹ ਵਿਖੇ। ਕੀਰਤਨ ਤੇ ਅਰਦਾਸ ਵਿਚ ਆਇ ਜੁੜੋ ਜੀ।

**ਪਾਠਕ ਜੀ**–ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ। ਤੁਹਾਡਾ ਚਿਟ ਨੰਬਰ ਅਸੀਂ ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਲਿਖ ਕੇ ਭੇਜਦੇ ਹਾਂ। ਚਿਟ ਨੰਬਰ ਤੋਂ ਬਿਨਾਂ ਮੁਸ਼ਕਲ ਪੇਸ਼ ਆ ਜਾਂਦੀ ਹੈ।



www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

(ਸ: ਚੰਚਲ ਸਿੰਘ, ਸਪੈਸ਼ਲ ਐਗਜ਼ੈਕਟਿਵ ਮੈਜਿਸਟ੍ਰੇਟ, ਨਾਗਪੁਰ)

ਸਿੱਖ ਧਰਮ ਸੰਸਾਰ ਦਾ ਸਭ ਤੋਂ ਆਧੁਨਿਕ, ਸਾਇੰਟੇਫਿਕ, ਸ਼੍ਰੋਮਣੀ ਅਤੇ ਕਲਿਆਣਕਾਰੀ ਧਰਮ ਹੈ ਜਿਸ ਵਿਚ ਦੀਨ ਦੁਨੀਆ ਨੂੰ ਤਿਆਗ ਕੇ ਜੰਗਲਾਂ ਜਾਂ ਪਹਾੜਾਂ ਤੇ ਜਾ ਕੇ ਕਠਨ ਤਪ ਸਾਧਨਾ ਕਰਨ, ਭੁੱਖੇ ਰਹਿਣ, ਪੁੱਠੇ ਲਟਕਣ, ਠੰਢੇ ਪਾਣੀਆਂ ਵਿਚ ਜਲਧਾਰਾ ਕਰਨ, ਸਰੀਰ ਤੇ ਸਵਾਹ ਮਲਣ, ਕੰਡਿਆਂ ਦੀ ਸੇਜਾ ਤੇ ਵਿਸ਼ਰਾਮ ਕਰਨ ਆਦਿ ਕਰਮ ਕਾਂਡਾਂ ਦੀ ਬਿਲਕੁਲ ਲੋੜ ਨਹੀਂ ਪੈਂਦੀ, ਬਲਕਿ ਗੁਰਮਤਿ ਤਾਂ ਉਹ ਸਹਿਜ ਸੁਹੇਲਾ ਮਾਰਗ ਹੈ ਜਿਸ ਵਿਚ ਹੱਸਦੇ ਖੇਡਦੇ, ਸੁਹਣਾ ਪਹਿਨਦੇ, ਛਕਦੇ ਛਕਾਂਦੇ ਪਰਮ ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ—

ਨਾਨਕ ਸਤਿਗੁਰਿ ਭੇਟਿਐ, ਪੂਰੀ ਹੋਵੈ ਜੁਗਤਿ ॥
ਹਸੰਦਿਆਂ ਖੇਲੰਦਿਆਂ, ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ ॥੨॥੧੯॥ ਪੰਨਾ ੫੨੨

ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਅਖਵਾਉਂਦੇ ਹਾਂ ਅਤੇ ਫ਼ਖ਼ਰ ਨਾਲ ਕਹਿੰਦੇ ਹਾਂ ਕਿ ਅਸੀਂ ਗੁਰੂ ਦੇ ਸਿਖ ਹਾਂ। ਜੇਕਰ ਅਸੀਂ ਗੁਰੂ ਦੇ ਸੱਚੇ ਸਿੱਖ ਹਾਂ ਤਾਂ ਗੁਰੂ ਮਹਾਰਾਜ ਦੀ ਸਿਖਿਆ ਉਤੇ ਚੱਲਣਾ ਵੀ ਸਾਡਾ ਪਰਮ ਧਰਮ ਹੈ।

ਗੁਰਮਤਿ ਵਿਚ ਗੁਰਬਾਣੀ, ਗੁਰੂ ਦੀ ਸਿਖਿਆ ਤੇ ਉਪਦੇਸ਼ਾਂ ਨੂੰ ਸੁਣਨ ਦੀ ਠੀਕ ਹੀ ਬੜੀ ਮਹਾਨਤਾ ਹੈ, ਪ੍ਰੰਤੂ ਗੁਰੂ ਦੀ ਸਿਖਿਆ ਸੁਣੀ ਵੀ ਕਿਸੇ ਕੰਮ ਨਹੀਂ ਜੇਕਰ ਇਸ ਤੇ ਅਮਲ ਨਹੀਂ ਕੀਤਾ। ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦਾ ਬਚਨ ਹੈ :—

ਸੇਵਕ ਸਿਖ ਪੂਜਣ ਸਭਿ ਆਵਹਿ, ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਗਾਵਿਆ ਸੁਣਿਆ
ਤਿਨ ਕਾ ਹਰਿ ਥਾਇ ਪਾਵੈ, ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥(ਪੰਨਾ ੬੬੯)

ਇਕ ਹੋਰ ਥਾਂ ਆਪ ਫੁਰਮਾਂਦੇ ਹਨ—

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ, ਹਰਿ ਹਰਿ ਕਥਾ ਨਿਰਾਲੀ ॥੧॥ਰਹਾਉ॥ (ਪੰਨਾ ੬੬੭)

ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਆਪਣੇ ਇਕ ਕਬਿੱਤ ਵਿਚ ਲਿਖਦੇ ਹਨ ਕਿ ਇਕ ਯਾਤ੍ਰੀ ਦੂਜੇ ਰਾਹੀਆਂ ਨੂੰ ਰਸਤਾ ਤਾਂ ਪੁੱਛਦਾ ਹੈ ਪ੍ਰੰਤੂ ਇਕ ਕਦਮ ਵੀ ਉਸ ਰਸਤੇ ਤੇ ਨਹੀਂ ਚੱਲਦਾ— ਇੰਜ ਪ੍ਰੀਤਮ ਦੇ ਦੇਸ ਕੋਈ ਖਾਲੀ ਬਾਤਾਂ ਕਰਕੇ ਹੀ ਕਿਵੇਂ ਪਹੁੰਚ ਸਕਦਾ ਹੈ ? ਇੰਜ ਹੀ ਕੋਈ ਬੀਮਾਰ ਵੈਦ ਦਾ ਮਸ਼ਵਰਾ ਤਾਂ ਲੈਂਦਾ ਹੈ, ਪਰ ਉਸਦੀ ਦੱਸੀ ਦਵਾਈ ਨੂੰ ਸੰਜਮ ਨਾਲ ਨਹੀਂ ਖਾਂਦਾ, ਇੰਜ ਉਹ ਬੀਮਾਰੀ ਤੋਂ ਛੁਟਕਾਰਾ ਕਿਵੇਂ ਪਾ ਸਕਦਾ ਹੈ ? ਇਵੇਂ ਹੀ ਕੋਈ ਇਸਤ੍ਰੀ, ਜਿਸਦੇ ਕਰਮ ਦੁਹਾਗਣਾਂ ਵਰਗੇ ਹਨ— ਸੁਹਾਗਣਾਂ ਵਾਂਗ ਪਤੀ ਪਰਮੇਸ਼ਰ ਦੀ ਸੇਜਾ ਦਾ ਸੁਖ ਆਨੰਦ ਕਿਵੇਂ ਮਾਣ ਸਕਦੀ ਹੈ ? ਠੀਕ ਇੰਜ ਹੀ ਗੁਰੂ-ਉਪਦੇਸ਼ ਨੂੰ ਹਿਰਦੇ ਵਿਚ ਧਾਰ ਕੇ ਉਸ ਅਨੁਸਾਰ ਜੀਵਨ ਢਾਲਣ ਤੋਂ ਬਗ਼ੈਰ ਸਾਡਾ ਅੱਖਾਂ ਮੁੰਦ ਕੇ ਅਤੇ ਬਗਲੇ ਵਾਂਗ ਸਮਾਧੀ ਲਾ ਕੇ ਗੁਰਬਾਣੀ ਗਾਉਣਾ ਜਾਂ ਸੁਣਨਾ ਕਿਸੇ ਲੇਖੇ ਨਹੀਂ।

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗ, ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ ॥
ਪੂਛਤ ਹੈ ਬੈਦ, ਖਾਤ ਔਖਧਿ ਨ ਸੰਜਮ ਸੈ, ਕੈਸੇ ਮਿਟੈ ਰੋਗ, ਸੁਖ ਸਹਜਿ ਸਮਾਈਐ ॥
ਪੂਛਤ ਸੁਹਾਗਨਿ ਹੈ, ਕਰਮ ਦੁਹਾਗਨਿ ਕੈ, ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ॥
ਗਾਏ ਸੁਨੈ ਆਂਖੈਂ ਮੀਚੈ ਪਾਈਐ ਨ ਪਰਮ ਪਦੁ, ਗੁਰ ਉਪਦੇਸ਼ ਗਹਿ, ਜੌ ਲੌ ਨ ਕਮਾਈਐ ॥੪੩੯॥



www.AKJ.Org

ਸ੍ਰੀ ਗੁਰੂ ਨਾਨਕ ਸਾਹਿਬ ਦੀ ਸਿਖਿਆ ਬੜੀ ਸਰਲ ਹੈ। ਸੁੱਚੀ ਕਿਰਤ ਕਰਨੀ, ਵੰਡ ਕੇ ਛਕਣਾ ਤੇ ਨਾਮ ਜਪਣਾ—ਇਹ ਸਿੱਖੀ ਦੇ ਤਿੰਨ ਵਡੇ ਅਸੂਲ ਹਨ। ਨਾਮ ਜਪਣਾ ਸਾਡਾ ਪਹਿਲਾ ਧਰਮ ਹੈ। ਸੁੱਚੀ ਕਿਰਤ ਕਰਨਾ ਤੇ ਫਿਰ ਵੰਡ ਕੇ ਛਕਣਾ ਨਾਮ ਜਪਣ ਵਾਲੇ ਦੇ ਸੁਭਾ ਵਿਚ ਆਪਣੇ ਆਪ ਸ਼ਾਮਲ ਹੋ ਜਾਂਦੇ ਹਨ। ਕਿਰਤ ਤਾਂ ਅਸੀਂ ਸਾਰੇ ਹੀ ਕਰਦੇ ਹਾਂ। ਜਦ ਤਕ ਸਾਡੀ ਕਿਰਤ ਸੁੱਚੀ ਨਹੀਂ ਹੈ, ਮਨ ਸੁੱਚਾ ਨਹੀਂ ਹੋਣਾ ਤੇ ਜਦ ਤਕ ਮਨ ਸੁੱਚਾ ਨਹੀਂ ਹੁੰਦਾ, ਦਸਵੰਧ ਕੱਢਣਾ ਜਾਂ ਵੰਡ ਕੇ ਛਕਣਾ ਨਹੀਂ ਹੋਣਾ। ਅਤੇ ਜਦ ਤਕ ਦਸਵੰਧ ਕੱਢਣ ਦੇ ਰਾਹ ਉਤੇ ਨਹੀਂ ਚੱਲਦੇ ਤੇ ਗੁਰੂ ਦਾ ਹੁਕਮ ਨਹੀਂ ਮੰਨਦੇ, ਸਾਡੇ ਉਤੇ ਸਤਿਗੁਰੂ ਦੀ ਬਖਸ਼ਿਸ਼ ਨਹੀਂ ਹੋ ਸਕਦੀ। ਨਿਸ਼ਕਾਮ ਤੇ ਨਿਰਮਾਣ ਸੇਵਾ ਅਤੇ ਗੁਰੂ ਕੀ ਆਗਿਆ ਸਤਿ ਸਤਿ ਕਰਕੇ ਮੰਨਣ ਦੇ ਅਨੋਖੇ ਪੂਰਨੇ ਪਾਣ ਵਾਲੇ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਫੁਰਮਾਉਂਦੇ ਹਨ—

ਗੁਰ ਕਾ ਕਹਿਆ ਜੇ ਕਰੈ, ਸੁਖੀ ਹੂ ਸੁਖੁ ਸਾਰੁ ॥
ਗੁਰ ਕੀ ਕਰਣੀ ਭਉ ਕਟੀਐ, ਨਾਨਕ ਪਾਵਹਿ ਪਾਰੁ ॥੧॥੨੯॥ ਸਲੋਕੁ ਮ: ੩, ਪੰਨਾ ੧੨੪੮
ਤਿਨ ਕਾ ਜਨਮੁ ਸਫਲੁ ਹੈ, ਜੋ ਚਲਹਿ ਸਤਿਗੁਰ ਭਾਇ ॥
ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥੩॥੫॥੩੮॥ ਸਿਰੀ ਰਾਗੁ ਮ: ੩, ਪੰਨਾ ੨੮
ਤਥਾ—ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨਿ੍ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥੨॥ ਬਿਲਾਵਲੁ ਮ: ੩, ਪੰਨਾ ੮੩੨

